P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 06, ਨਾਨਕਸ਼ਾਹੀ ਸੰਮਤ 555, ਜੇਠ/ਹਾੜ੍ਹ, ਜੂਨ-2023, ਸਾਲ 41

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥ ਮੋ ਕਉ ਕੁਸਲੁ ਬਤਾਵਹੁ ਕੋਈ ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥

(ਅੰਗ-332)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)

ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

| | | |
|---|---|---|
| Bank A/C Name | : | Gurbani Iss Jag Meh Chanan |
| Bank Name | : | Panjab National Bank (Phase-1, Mohali) |
| Bank A/c No | : | 1155000100132409 |
| IFSC Code | : | PUNB0040810 |

SWIFT Code (FOR FOREIGN REMITTENCE) : PUNBINBBMOH

Ph.No. 0172-2913729, 98156-50812 Web : www.gurbanichanan.org
E-mail : gurbanichanan1125@gmail.com

**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**

## ਤਤਕਰਾ

| | | | |
|---|---|---|---|
| 1. | ਕਬੀਰ ਸਾਹਿਬ ਜੀ ਦੀ ਬਾਣੀ ਦਾ ਸਮਾਜਿਕ ਪੱਖ | ਡਾ.ਪਰਮਜੀਤ ਸਿੰਘ | 03 |
| 2. | ਸ਼ਬਦ-ਗੁਰੂ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 11 |
| 3. | ਦਇਆ | ਸ.ਪਰਮਜੀਤ ਸਿੰਘ | 19 |
| 4. | ਲ਼ਾਹੌਰ ਸਹਰ ਕਹਿਰ ਸਵਾ ਪਹਰ (ਕਵਿਤਾ) | ਸ.ਹਰਜਿੰਦਰ ਸਿੰਘ | 34 |
| 5. | ਖਬਰਾਵਲੀ | ਸੰਪਾਦਕ | 35 |

ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।

ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ** ਨੇ **"ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਕਬੀਰ ਸਾਹਿਬ ਜੀ ਦੀ ਬਾਣੀ ਦਾ ਸਮਾਜਿਕ ਪੱਖ

ਵਿਆਖਿਆਕਾਰ ਡਾ.ਪਰਮਜੀਤ ਸਿੰਘ, ਮੋ. 87259-00257

ਵਿਦਵਾਨਾਂ ਨੇ ਵਧੇਰੇ ਕਰਕੇ ਕਬੀਰ ਸਾਹਿਬ ਦਾ ਜਨਮ ੧੩੯੮ ਈਸਵੀ ਦਾ ਮੰਨਿਆ ਹੈ। ਇਸ ਸਮੇਂ ਦੇਸ਼ ਉੱਤੇ ਲੋਧੀਆਂ ਦਾ ਰਾਜ ਸੀ। ਦੂਜੇ ਪਾਸੇ ਮੰਨੂ ਦੀ ਵਰਣ ਵੰਡ ਵਿਵਸਥਾ ਦਾ ਪੂਰਾ ਬੋਲ ਬਾਲਾ ਸੀ। ਬ੍ਰਾਹਮਣ ਦੀ ਸਮਾਜ ਵਿੱਚ ਪ੍ਰਧਾਨਤਾ ਸੀ। ਭਾਂਵੇ ਰਵਾਇਤ ਅਨੁਸਾਰ ਕਬੀਰ ਜੀ ਕਿਸੇ ਬ੍ਰਾਹਮਣੀ ਜੋ ਵਿਧਵਾ ਸੀ, ਉਸ ਦੇ ਪੇਟੇ ਪੈਦਾ ਹੋਏ ਸਨ ਪਰ ਉਨ੍ਹਾਂ ਦੀ ਪਾਲਣਾ ਨੀਰੂ ਅਤੇ ਨੀਮਾ ਦੇ ਮੁਸਲਮਾਨੀ ਜੁਲਾਹੇ ਦੇ ਪਰਿਵਾਰ ਵਿੱਚ ਪਾਲਣਾ ਹੋਈ ਸੀ। ਆਪ ਜੀ ਸੰਸਕਾਰਾਂ ਕਰਕੇ ਹਿੰਦੂ ਅਥਵਾ ਬ੍ਰਾਹਮਣ ਸਨ ਅਤੇ ਪਾਲਣਾ ਕਰਕੇ ਮੁਸਲਮਾਨੀ ਪ੍ਰਭਾਵ ਅਧੀਨ ਵੀ ਸਨ, ਇਸੇ ਲਈ ਆਪ ਜੀ ਦੀ ਬਾਣੀ ਵਿੱਚ ਹਿੰਦੂ ਅਤੇ ਇਸਲਾਮੀ ਸੰਸਕ੍ਰਿਤੀ ਦਾ ਮਿਸ਼ਰਣ ਵੇਖਿਆ ਜਾ ਸਕਦਾ ਹੈ। ਕਬੀਰ ਸਾਹਿਬ ਉਪਰ ਆਪਣੇ ਗੁਰੂ ਰਾਮਾ ਨੰਦ ਜੀ ਦਾ ਪ੍ਰਭਾਵ ਵੀ ਪ੍ਰਤੱਖ ਵੇਖਣ ਨੂੰ ਮਿਲਦਾ ਹੈ। ਰਾਮਾ ਨੰਦ ਜੀ ਅਦਵੈਤਵਾਦੀ ਸਨ ਅਤੇ ਇੱਕ ਬ੍ਰਹਮ ਦੀ ਉਪਾਸਨਾ ਕਰਦੇ ਸਨ, ਉਨ੍ਹਾਂ ਦਾ ਇੱਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ।

ਲਗਪਗ ਬਹੁਤ ਸਾਰੇ ਭਗਤਾਂ ਨੂੰ ਬ੍ਰਾਹਮਣੀ ਸਮਾਜ ਨੇ ਛੂਤ ਆਖ ਕੇ ਦੁਰਕਾਰਿਆ ਅਤੇ ਉਨ੍ਹਾਂ ਨੂੰ ਭਗਤੀ ਦੇ ਮਾਰਗ ਤੋਂ ਰੋਕਣ ਲਈ ਵਿਘਨ ਵੀ ਪਾਏ। ਭਗਤ ਕਬੀਰ ਜੀ ਨੇ ਨਾ ਕੇਵਲ ਬ੍ਰਾਹਮਣੀ ਸਮਾਜ ਦੀਆਂ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ ਉਠਾਈ, ਸਗੋਂ ਮੁੱਲਾਂ-ਮੁਲਾਣਿਆਂ ਦੀਆਂ ਫੋਕੀਆਂ ਰਸਮਾਂ ਤੇ ਪੂਜਾ ਵਿਧੀਆਂ ਉਪਰ ਨਿਧੜਕ ਹੋ ਕੇ ਚੋਟ ਮਾਰੀ। ਇਥੇ ਇਸ ਲੇਖ ਰਾਹੀਂ ਅਸੀਂ ਭਗਤ ਕਬੀਰ ਜੀ ਦੀ ਬਾਣੀ ਦੇ ਅਧਾਰ ਤੇ ਇਨ੍ਹਾਂ ਨੂੰ ਵਾਚਣ ਦਾ ਉਪਰਾਲਾ ਕਰਦੇ ਹਾਂ।

**ਜਾਤ-ਪਾਤ ਦਾ ਬੋਲਬਾਲਾ** : ਕਬੀਰ ਸਾਹਿਬ ਜੀ ਦੀ ਜੁਲਾਹੇ ਦੀ ਜਾਤ ਨੂੰ ਬ੍ਰਾਹਮਣੀ ਸਮਾਜ ਵਲੋਂ ਨੀਵਾਂ ਦਰਜ਼ਾ ਦੇ ਕੇ ਦੁਰਕਾਰਿਆ ਜਾਂਦਾ ਸੀ। ਇਸ ਉਪਰ ਆਪ ਜੀ ਆਪਣੀ ਬਾਣੀ ਵਿੱਚ ਅਨੇਕਾਂ ਥਾਵਾਂ ਉਪਰ ਉਨ੍ਹਾਂ ਦੇ ਇਸ ਵਿਚਾਰ ਉਪਰ ਚੋਟ ਮਾਰਦਿਆਂ ਹੋਇਆ ਬਿਆਨ ਕੀਤਾ ਹੈ :

**ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥**
**ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥** (ਅੰਗ-੧੩੬੪)

**ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥**(ਅੰਗ-੫੨੫)

ਕਬੀਰ ਸਾਹਿਬ ਆਖਦੇ ਹਨ ਕਿ ਤੁਸੀਂ ਮੇਰੀ ਜਾਤ ਉਪਰ ਹਸਦੇ ਤੇ ਮਖੌਲ

ਉਡਾਉਂਦੇ ਹੋ ਪਰ ਇਸੇ ਜਾਤ ਵਿੱਚ ਹੀ ਮੈਂ ਸਿਰਜਨਹਾਰ ਪ੍ਰਮਾਤਮਾ ਦਾ ਨਾਮ ਜਪ ਕੇ ਲਾਹਾ ਲਿਆ ਹੈ।

ਬ੍ਰਾਹਮਣ ਦੇ ਉੱਚੀ ਜਾਤ ਦੇ ਵਿਚਾਰ ਉਪਰ ਸਿੱਧੀ ਚੋਟ ਮਾਰਦੇ ਹੋਏ, ਉਸ ਨੂੰ ਮੁਖਾਤਬ ਹੋਕੇ ਆਪ ਜੀ ਫੁਰਮਾਂਦੇ ਹਨ :

**ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥ ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥ ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥੩॥ ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥**

(ਅੰਗ-੩੨੪)

ਸਾਰੇ ਜੀਵਾਂ ਦੀ ਉਤਪਤੀ ਪਰਮਾਤਮਾ ਦੀ ਅੰਸ਼ ਤੋਂ ਹੋ ਰਹੀ ਹੈ ਅਰਥਾਤ ਸਭ ਦਾ ਮੂਲ ਕਾਰਨ ਪਰਮਾਤਮਾ ਆਪ ਹੈ। ਮਾਂ ਦੇ ਪੇਟ ਵਿੱਚ ਤਾਂ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਮੈਂ ਕਿਸ ਕੁਲ ਦਾ ਹਾਂ।

ਦੱਸ, ਹੇ ਪੰਡਿਤ ! ਤੁਸੀਂ ਬ੍ਰਾਹਮਣ ਕਦੋਂ ਦੇ ਬਣ ਗਏ ਹੋ। ਇਸ ਆਖ ਆਖ ਕਿ ਮੈਂ ਬ੍ਰਾਹਮਣ ਹਾਂ, ਮੈਂ ਬ੍ਰਾਹਮਣ ਹਾਂ, ਮਨੁੱਖਾ ਜਨਮ ਇਸ ਅਹੰਕਾਰ ਵਿੱਚ ਨਾ ਗਵਾਉ। ਹੇ ਪੰਡਿਤ ! ਜੇ ਤੂੰ ਸਚਮੁੱਚ ਬ੍ਰਾਹਮਣ ਹੈਂ ਤੇ ਬ੍ਰਾਹਮਣੀ ਦੇ ਪੇਟੋਂ ਜੰਮਿਆ ਹੈਂ, ਤਾਂ ਕਿਸੇ ਹੋਰ ਰਾਹੇ ਕਿਉਂ ਨਹੀਂ ਜੰਮ ਪਿਆ। ਹੇ ਬ੍ਰਾਹਮਣ, ਤੁਸੀਂ ਬ੍ਰਾਹਮਣ ਕਿਵੇਂ ਬਣ ਗਏ ? ਅਸੀਂ ਕਿਵੇਂ ਸ਼ੂਦਰ ਰਹਿ ਗਏ। ਸਾਡੇ ਸਰੀਰ ਵਿੱਚ ਕਿਵੇਂ ਨਿਰਾ ਲਹੂ ਹੀ ਹੈ ? ਤੁਹਾਡੇ ਸਰੀਰ ਵਿੱਚ ਕਿਵੇਂ ਲਹੂ ਦੀ ਥਾਂ ਦੁੱਧ ਹੈ ? ਕਬੀਰ ਸਾਹਿਬ ਆਖਦੇ ਹਨ ਕਿ ਅਸੀਂ ਤਾਂ ਉਸ ਮਨੁੱਖ ਨੂੰ ਬ੍ਰਾਹਮਣ ਕਹਿ ਸਕਦੇ ਹਾਂ ਜੋ ਪ੍ਰਮਾਤਮਾ (ਬ੍ਰਹਮ) ਨੂੰ ਸਿਮਰਦਾ ਹੈ।

ਇਸ ਲਈ ਕਬੀਰ ਜੀ ਆਖਦੇ ਹਨ ਕਿ ਹੇ ਬ੍ਰਾਹਮਣ ਤੇਰੇ ਤੇ ਮੇਰੇ ਵਿੱਚ ਬੜਾ ਅੰਤਰ ਹੈ। ਆਸਾ ਰਾਗ ਅੰਦਰ ਆਪ ਜੀ ਫੁਰਮਾਂਦੇ ਹਨ :

**ਆਸਾ ॥ ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥ ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥੧॥ ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ ॥ ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ ॥੧॥ ਰਹਾਉ ॥ ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ ॥ ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ ॥੨॥ ਤੂੰ ਬਾਮ੍ਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ ॥ ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥੩॥** (ਅੰਗ-੪੮੨)

ਹੇ ਬ੍ਰਾਹਮਣ ! ਜੇ ਤੈਨੂੰ ਇਸ ਕਰਕੇ ਆਪਣੀ ਉੱਚੀ ਜਾਤ ਦਾ ਮਾਣ ਹੈ ਕਿ ਤੇਰੇ ਗਲ ਵਿੱਚ ਜਨੇਊ ਹੈ ਜੋ ਸਾਡੇ ਗਲ ਵਿੱਚ ਨਹੀਂ ਹੈ ਤਾਂ ਵੇਖ ਉਹੋ ਜਿਹਾ ਹੀ ਸਾਡੇ ਘਰ ਬਥੇਰਾ ਸੂਤਰ ਹੈ ਜਿਸ ਨਾਲ ਅਸੀਂ ਤਾਣਾ ਤਣਦੇ ਹਾਂ। ਤੇਰਾ ਵੇਦ ਆਦਿਕ ਪੜ੍ਹਨ ਦਾ ਮਾਣ ਵੀ ਕੂੜਾ ਹੈ ਕਿਉਂਕਿ ਤੁਸੀਂ ਤਾਂ ਵੇਦ ਤੇ ਗਾਇਤ੍ਰੀ ਮੰਤ੍ਰ ਨਿਰੇ ਜੀਭ ਨਾਲ ਹੀ ਉਚਾਰਦੇ ਹੋ ਪਰ ਪਰਮਾਤਮਾ ਮੇਰੇ ਹਿਰਦੇ ਵਿੱਚ ਵਸਦਾ ਹੈ।

ਹੇ ਕਮਲੇ ਬ੍ਰਾਹਮਣ ! ਪ੍ਰਭੂ ਜੀ ਤਾਂ ਮੇਰੀ ਜੀਭ ਉੱਤੇ, ਮੇਰੀਆਂ ਅੱਖਾਂ ਵਿੱਚ ਅਤੇ ਮੇਰੇ ਦਿਲ ਵਿੱਚ ਵਸਦੇ ਹਨ ਪਰ ਤੈਨੂੰ ਧਰਮਰਾਜ ਦੀ ਹਜ਼ੂਰੀ ਵਿੱਚ ਪ੍ਰਭੂ ਵਲੋਂ ਪੁੱਛ ਹੋਵੇਗੀ ਤਾਂ ਕੀਹ ਉੱਤਰ ਦੇਵੇਗਾ ਕਿ ਤੂੰ ਸਾਰੀ ਉਮਰ ਕੀ ਕਰਦਾ ਰਿਹਾ ਹੈਂ ?

ਕਈ ਜਨਮਾਂ ਤੋਂ ਤੁਸੀਂ ਲੋਕ ਸਾਡੇ ਰਾਖੇ ਬਣਦੇ ਆ ਰਹੇ ਹੋ ਅਸੀਂ ਤੁਹਾਡੀਆਂ ਗਾਈਆਂ ਬਣੇ, ਤੁਸੀਂ ਸਾਡੇ ਖਸਮ ਗੁਆਲੇ ਬਣੇ ਰਹੇ ਪਰ ਤੁਸੀਂ ਹੁਣ ਤਕ ਨਕਾਰੇ ਹੀ ਸਾਬਤ ਹੋਏ, ਤੁਸੀਂ ਸਾਨੂੰ ਕਦੇ ਨਦੀਓਂ ਪਾਰ ਲੰਘਾ ਕੇ ਨਹੀਂ ਚਾਰਿਆ ਅਰਥਾਤ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਵਾਲੀ ਮੱਤ ਨਹੀਂ ਦਿੱਤੀ।

ਇਹ ਠੀਕ ਹੈ ਕਿ ਤੂੰ ਕਾਂਸੀ ਦਾ ਬ੍ਰਾਹਮਣ ਹੈਂ ਅਰਥਾਤ ਤੈਨੂੰ ਮਾਣ ਹੈ ਕਿ ਤੂੰ ਆਪਣੀ ਵਿਦਿਆ ਕਾਸ਼ੀ ਵਿੱਚ ਰਹਿ ਕੇ ਹਾਸਲ ਕੀਤੀ ਅਤੇ ਮੈਂ ਜਾਤ ਦਾ ਜੁਲਾਹਾ ਹਾਂ ਜਿਸ ਨੂੰ ਤੁਹਾਡੀ ਵਿਦਿਆ ਪੜ੍ਹਨ ਦਾ ਹੱਕ ਨਹੀਂ ਹੈ ਪਰ ਮੇਰੀ ਵਿਚਾਰ ਦੀ ਇੱਕ ਗੱਲ ਸੋਚ ਕਿ ਵਿਦਿਆ ਪੜ੍ਹ ਕੇ ਤੁਸੀਂ ਆਖਰ ਕਰਦੇ ਕੀ ਹੋ, ਤੁਸੀਂ ਤਾਂ ਰਾਜੇ ਰਾਣਿਆਂ ਦੇ ਦਰ ਤੇ ਮੰਗਦੇ ਫਿਰਦੇ ਹੋ ਪਰ ਮੇਰੀ ਸੁਰਤ ਪ੍ਰਭੂ ਨਾਲ ਜੁੜੀ ਹੋਈ ਹੈ।

**ਸੂਤਕ** : ਪੰਡਿਤਾਂ ਨੇ ਸੂਤਕ ਪਾਤਕ ਦਾ ਵਿਚਾਰ ਦੇ ਕੇ ਭੋਲੀ ਭਾਲੀ ਜਨਤਾ ਨੂੰ ਆਪਣੇ ਜਾਲ ਵਿੱਚ ਫਸਾਇਆ ਹੋਇਆ ਸੀ। ਕਬੀਰ ਜੀ ਇਸ ਜਾਲ ਨੂੰ ਤੋੜਦੇ ਹੋਏ ਆਖਦੇ ਹਨ :

**ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥ ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥ ਕਹੁ ਰੇ ਪੰਡੀਆ ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥ ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥ ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥੨॥ ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥** (ਅੰਗ-੩੩੧)

ਹੇ ਪੰਡਿਤ ! ਜੇ ਜੀਵਾਂ ਦੇ ਜੰਮਣ ਤੇ ਮਰਨ ਨਾਲ ਸੂਤਕ ਪਾਤਕ ਦੀ ਭਿੱਟ ਪੈਦਾ ਹੋ ਜਾਂਦੀ ਹੈ ਤਾਂ ਪਾਣੀ ਵਿੱਚ ਸੂਤਕ ਹੈ, ਧਰਤੀ ਉੱਤੇ ਸੂਤਕ ਹੈ। ਹਰ ਥਾਂ ਸੂਤਕ ਦੀ ਉਤਪਤੀ

ਹੈ ਅਰਥਾਤ ਹਰ ਥਾਂ ਭਿਟਿਆ ਹੋਇਆ ਹੈ ਕਿਉਂਕਿ ਜੇ ਕਿਸੇ ਜੀਵ ਦੇ ਜੰਮਣ ਨਾਲ ਸੂਤਕ ਪੈਦਾ ਹੋ ਜਾਂਦਾ ਹੈ ਫਿਰ ਮਰਨ ਤੇ ਵੀ ਸੂਤਕ ਆ ਪੈਂਦਾ ਹੈ, ਇਸ ਭਿੱਟ ਤੇ ਭਰਮ ਵਿੱਚ ਦੁਨੀਆ ਖੁਆਰ ਹੋ ਰਹੀ ਹੈ। ਫਿਰ ਪਿਆਰੇ ਮਿੱਤਰ ਇਸ ਗੱਲ ਨੂੰ ਗਹੁ ਨਾਲ ਵਿਚਾਰ ਕੇ ਦੱਸ ਹੇ ਪੰਡਿਤ ! ਜਦੋਂ ਹਰ ਥਾਂ ਸੂਤਕ ਪੈ ਰਿਹਾ ਹੈ ਤਾਂ ਸੁੱਚਾ ਕੌਣ ਹੋ ਸਕਦਾ ਹੈ। ਨਿਰੇ ਇਨ੍ਹਾਂ ਅੱਖੀਂ ਦਿਸਦੇ ਜੀਵ ਹੀ ਨਹੀਂ ਜੰਮਦੇ ਮਰਦੇ ਸਾਡੇ ਬੋਲਣ ਚਾਲਣ ਆਦਿਕ ਹਰਕਤਾਂ ਨਾਲ ਕਈ ਸੂਖਮ ਜੀਵ ਮਰ ਰਹੇ ਹਨ ਤਾਂ ਫਿਰ ਅੱਖਾਂ ਵਿੱਚ ਸੂਤਕ ਹੈ, ਬੋਲਣ ਵਿੱਚ ਸੂਤਕ ਹੈ, ਕੰਨਾਂ ਵਿੱਚ ਵੀ ਸੂਤਕ ਹੈ, ਉਠਦਿਆਂ ਬੈਠਦਿਆਂ ਹਰ ਵੇਲੇ ਸਾਨੂੰ ਸੂਤਕ ਪੈ ਰਿਹਾ ਹੈ ਅਤੇ ਸਾਡੀ ਰਸੋਈ ਵਿੱਚ ਵੀ ਸੂਤਕ ਹੈ। ਜਿਧਰ ਵੇਖੋ ਹਰੇਕ ਜੀਵ ਸੂਤਕ ਦੇ ਭਰਮਾਂ ਵਿੱਚ ਫਸਣ ਦਾ ਹੀ ਢੰਗ ਜਾਣਦਾ ਹੈ, ਇਸ ਤੋਂ ਖਲਾਸੀ ਕਰਾਣ ਦੀ ਸਮਝ ਕਿਸੇ ਵਿਰਲੇ ਨੂੰ ਹੈ। ਕਬੀਰ ਜੀ ਆਖਦੇ ਹਨ ਜੋ ਮਨੁੱਖ ਆਪਣੇ ਹਿਰਦੇ ਵਿੱਚ ਪ੍ਰਭੂ ਨੂੰ ਸਿਮਰਦਾ ਹੈ, ਉਨ੍ਹਾਂ ਨੂੰ ਕੋਈ ਭਿੱਟ ਨਹੀਂ ਲੱਗਦੀ।

**ਸਰਾਧ** : ਇਸੇ ਪ੍ਰਕਾਰ ਪੰਡਿਤਾਂ ਨੇ ਲੋਕਾਂ ਨੂੰ ਆਪਣੇ ਮਰ ਚੁੱਕੇ ਪਿੱਤਰਾਂ ਦੀ ਗਤੀ ਲਈ ਸਰਾਧ ਕਰਾਉਣ ਦੀ ਪ੍ਰਥਾ ਚਲਾਈ। ਜਿਸ ਨਾਲ ਉਨ੍ਹਾਂ ਦੀ ਉਪਜੀਵਕਾ ਚਲਦੀ ਸੀ। ਕਬੀਰ ਸਾਹਿਬ ਜੀ ਨੇ ਪੰਡਿਤਾਂ ਦੀ ਇਸ ਸਰਾਧ ਪ੍ਰਥਾ ਉੱਤੇ ਵੀ ਕਰਾਰੀ ਚੋਟ ਮਾਰਦਿਆਂ ਫੁਰਮਾਇਆ :

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥ ਮੋ ਕਉ ਕੁਸਲੁ ਬਤਾਵਹੁ ਕੋਈ ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥੧॥** (ਅੰਗ-੩੩੨)

ਕਬੀਰ ਜੀ ਆਖ ਰਹੇ ਹਨ ਕਿ ਲੋਕ ਜੀਉਂਦੇ ਮਾਪਿਆਂ ਦਾ ਤਾਂ ਆਦਰ ਮਾਣ ਨਹੀਂ ਕਰਦੇ ਪਰ ਮਰ ਗਏ ਪਿਤਰਾਂ ਨਿਮਿਤ ਭੋਜਨ ਖੁਆਉਂਦੇ ਹਨ। ਵਿਚਾਰੇ ਪਿੱਤਰ ਭਲਾ ਉਹ ਸਰਾਧਾਂ ਦਾ ਭੋਜਨ ਕਿਵੇਂ ਹਾਸਲ ਕਰਨ ? ਉਸ ਨੂੰ ਤਾਂ ਕਾਂ ਕੁੱਤੇ ਖਾ ਜਾਂਦੇ ਹਨ। ਕਬੀਰ ਜੀ ਪੁੱਛਦੇ ਹਨ ਕਿ ਮੈਨੂੰ ਕੋਈ ਧਿਰ ਦੱਸੋ ਕਿ ਪਿੱਤਰਾਂ ਦੇ ਨਮਿਤ ਸਰਾਧ ਖੁਆਉਣ ਨਾਲ ਪਿੱਛੇ ਘਰ ਵਿੱਚ ਸੁਖ ਅਨੰਦ ਕਿਵੇਂ ਹੋ ਜਾਂਦਾ ਹੈ। ਸਾਰਾ ਸੰਸਾਰ ਇਸੇ ਭਰਮ ਵਹਿਮ ਵਿੱਚ ਖਪ ਰਿਹਾ ਹੈ ਕਿ ਪਿਤਰਾਂ ਨਿਮਿਤ ਸਰਾਧ ਕੀਤਿਆਂ ਘਰ ਵਿੱਚ ਸੁੱਖ ਅਨੰਦ ਬਣਿਆ ਰਹਿੰਦਾ ਹੈ।

**ਜੀਵ ਹੱਤਿਆ** : ਮੁੱਲਾਂ ਕੁਰਾਨ ਦਾ ਹਵਾਲਾ ਦੇ ਕੇ ਆਖਦਾ ਹੈ ਕਿ ਇਹ ਸੱਚ ਹੈ, ਪਰ ਇਸ ਉਪਰ ਵਿਚਾਰ ਤਾਂ ਕਰਦਾ ਨਹੀਂ ਅਤੇ ਜੀਵ ਹੱਤਿਆ ਕਰਦਾ ਹੈ :

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥ ਜਉ ਸਭ ਮਹਿ ਏਕੁ ਖੁਦਾਇ**

**ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥ ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥ ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥ ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥** (ਅੰਗ-੧੩੫੦)

ਕਬੀਰ ਜੀ ਫੁਰਮਾਂਦੇ ਹਨ, ਹੇ ਹਿੰਦੂ ਤੇ ਮੁਸਲਮਾਨ ਵੀਰੋ ! ਵੇਦਾਂ ਜਾਂ ਕੁਰਾਨ ਆਦਿਕ ਇੱਕ ਦੂਜੇ ਦੀਆਂ ਧਾਰਮਿਕ ਪੁਸਤਕਾਂ ਝੂਠੀਆਂ ਨਾ ਆਖੋ। ਝੂਠਾ ਤਾਂ ਉਹ ਬੰਦਾ ਹੈ ਜੋ ਇਨ੍ਹਾਂ ਉਨ੍ਹਾਂ ਉੱਤੇ ਵਿਚਾਰ ਨਹੀਂ ਕਰਦਾ। ਹੇ ਮੁੱਲਾਂ ਦੱਸ ! ਜੇ ਤੂੰ ਇਹ ਆਖਦਾ ਹੈ ਕਿ ਖੁਦਾ ਸਭ ਜੀਵਾਂ ਵਿੱਚ ਮੌਜੂਦ ਹੈ ਤਾਂ ਉਸ ਖੁਦਾ ਅੱਗੇ ਕੁਰਬਾਨੀ ਦੇਣ ਲਈ ਮੁਰਗੀ ਕਿਉਂ ਮਾਰਦਾ ਹੈ? ਕੀ ਉਸ ਮੁਰਗੀ ਵਿੱਚ ਉਹ ਆਪ ਨਹੀਂ ਹੈ ? ਮੁਰਗੀ ਵਿੱਚ ਬੈਠੇ ਖੁਦਾ ਦੀ ਅੰਸ਼ ਨੂੰ ਮਾਰ ਕੇ ਖੁਦਾ ਦੇ ਅੱਗੇ ਭੇਟ ਕਰਨ ਦਾ ਕੀ ਭਾਵ ਹੈ ? ਮੁੱਲਾਂ ਤੂੰ ਹੋਰ ਲੋਕਾਂ ਨੂੰ ਤਾਂ ਖੁਦਾ ਦਾ ਨਿਯਮ ਸੁਣਾਉਂਦਾ ਹੈ ਪਰ ਤੇਰੇ ਆਪਣੇ ਮਨ ਵਿੱਚ ਪਿਆ ਭੁਲੇਖਾ ਅਜੇ ਦੂਰ ਨਹੀਂ ਹੋਇਆ।

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥** (ਅੰਗ-੧੧੦੩)

ਪੰਡਿਤਾਂ ਨੂੰ ਵੀ ਕਬੀਰ ਸਾਹਿਬ ਨੇ ਜੀਵ ਹੱਤਿਆ ਦੇ ਕਰਮ ਨੂੰ ਨਿੰਦਦਿਆਂ ਹੋਇਆ ਫੁਰਮਾਇਆ ਹੈ, ਹੇ ਪਾਂਡੇ ! ਇੱਕ ਪਾਸੇ ਤੁਸੀਂ ਮਾਸ ਖਾਣ ਨੂੰ ਨਿੰਦਦੇ ਹੋ ਪਰ ਜੱਗ ਕਰਨ ਵੇਲੇ ਤੁਸੀਂ ਵੀ ਜੀਵਾਂ ਨੂੰ ਮਾਰਦੇ ਹੋ। ਜੀਵਾਂ ਦੀ ਕੁਰਬਾਨੀ ਦੇਣ ਨੂੰ ਤੁਸੀਂ ਧਰਮ ਦਾ ਕੰਮ ਸਮਝਦੇ ਹੋ। ਫਿਰ ਹੇ ਭਾਈ ! ਦੱਸੋ ਪਾਪ ਕਿਹੜਾ ਹੈ ? ਜੱਗ ਕਰਨ ਵੇਲੇ ਤੁਸੀਂ ਆਪ ਵੀ ਹਿੰਸਾ ਕਰਦੇ ਹੋ ਪਰ ਆਪਣੇ ਆਪ ਨੂੰ ਤੁਸੀਂ ਸ੍ਰੇਸ਼ਟ ਰਿਸ਼ੀ ਮਿਥਦੇ ਹੋ। ਜੇ ਜੀਵ ! ਮਾਰਨ ਵਾਲੇ ਲੋਕ ਰਿਸ਼ੀ ਹੋ ਸਕਦੇ ਹਨ ਤਾਂ ਤੁਸੀਂ ਕਸਾਈ ਕਿਸ ਨੂੰ ਆਖਦੇ ਹੋ ? ਅਰਥਾਤ ਤੁਸੀਂ ਉਨ੍ਹਾਂ ਲੋਕਾਂ ਨੂੰ ਕਸਾਈ ਕਿਉਂ ਆਖਦੇ ਹੋ ਜੋ ਮਾਸ ਵੇਚਦੇ ਹਨ।

**ਵੈਸ਼ਨਵ ਭਗਤਾਂ ਬਾਰੇ** : ਵੈਸ਼ਨਵ ਭਗਤ ਆਪਣੇ ਮੱਥੇ ਤੇ ਤਿਲਕ ਲਗਾਕੇ ਤੇ ਹੱਥ ਵਿੱਚ ਵੱਡੀ ਮਾਲਾ ਫੜ ਕੇ ਰੱਖਦੇ ਸਨ ਅਤੇ ਇਸੇ ਨੂੰ ਹੀ ਭਗਤੀ ਸਮਝ ਕੇ ਕਬੀਰ ਜੀ ਦਾ ਮਖੌਲ ਉਡਾਂਉਂਦੇ ਸਨ। ਕਬੀਰ ਜੀ ਨੇ ਉਨ੍ਹਾਂ ਦਾ ਪਾਜ ਉਘੇੜਦਿਆਂ ਹੋਇਆ ਫੁਰਮਾਨ ਕੀਤਾ :

**ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥੧॥ ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥ ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥** (ਅੰਗ-੧੧੫੮)

ਕਬੀਰ ਜੀ ਇਨ੍ਹਾਂ ਪਾਖੰਡੀਆਂ ਦਾ ਪਾਜ ਖੋਲ੍ਹਦੇ ਹੋਏ ਆਖ ਰਹੇ ਹਨ ਕਿ ਮੱਥੇ ਤੇ ਤਿਲਕ ਭਾਵ ਟਿੱਕਾ ਲਾ ਲਿਆ, ਹੱਥ ਵਿੱਚ ਮਾਲਾ ਫੜ ਲਈ ਅਤੇ ਸਾਧੂਆਂ ਵਾਲਾ ਭੇਸ ਧਾਰਨ ਕਰ ਲਿਆ। ਇਸ ਤਰ੍ਹਾਂ ਲੋਕਾਂ ਨੇ ਪਰਮਾਤਮਾ ਨੂੰ ਬੱਚਿਆਂ ਦਾ ਇੱਕ ਖਿਲੌਣਾ ਹੀ ਸਮਝ ਲਿਆ ਹੈ। ਇਹ ਸੁਣ ਕੇ ਲੋਕਾਂ ਨੇ ਕਬੀਰ ਨੂੰ ਪਾਗਲ ਕਹਿਣਾ ਸ਼ੁਰੂ ਕਰ ਦਿੱਤਾ। ਉਸ ਨੂੰ ਮੁੱਖ ਰੱਖ ਕੇ ਲੋਕਾਂ ਦੇ ਭਾਵ ਵਿੱਚ ਕਬੀਰ ਜੀ ਆਪਣੇ ਰਾਮ ਨਾਲ ਗੱਲਾਂ ਕਰਦੇ ਹਨ। ਹੇ ਰਾਮ ! ਜੇ ਮੈਂ ਕਮਲਾ ਹਾਂ ਤਾਂ ਵੀ ਤੇਰਾ ਹਾਂ। ਲੋਕ ਮੇਰੇ ਦਿਲ ਦੇ ਭੇਦ ਨੂੰ ਨਹੀਂ ਜਾਣਦੇ। ਮੈਂ ਤੇਰੀ ਭਗਤੀ ਲਈ ਫੁੱਲ ਪੱਤੇ ਨਹੀਂ ਤੋੜਦਾ। ਮੈਂ ਜਾਣਦਾ ਹਾਂ ਕਿ ਇੱਕ ਰਾਮ ਦੀ ਭਗਤੀ ਤੋਂ ਬਿਨ੍ਹਾਂ ਹੋਰ ਸਾਰੀ ਸੇਵਾ ਨਿਸਫਲ ਹੈ ।

**ਨਾਗੇ ਸਾਧੂਆਂ ਦਾ ਫਿਰਕਾ** : ਕਬੀਰ ਜੀ ਦੇ ਸਮੇਂ ਕੁਝ ਸਾਧੂ ਗ੍ਰਹਿਸਤ ਤਜ ਕੇ ਨੰਗੇ ਬਨ-ਬਨ ਵਿੱਚ ਫਿਰਦੇ ਸਨ ਤੇ ਇਸੇ ਨੂੰ ਹੀ ਉਹ ਭਗਤੀ ਭਾਵ ਸਮਝੀ ਬੈਠੇ ਸਨ। ਕਬੀਰ ਸਾਹਿਬ ਨੇ ਇਨ੍ਹਾਂ ਦੇ ਪਾਖੰਡ ਉੱਤੇ ਵਿਅੰਗ ਕੱਸਦਿਆਂ ਹੋਇਆ ਕਿਹਾ :

**ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥**
**ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥** (ਅੰਗ-੩੨੪)

ਹੇ ਭਾਈ ! ਜੇ ਨੰਗਿਆਂ ਰਹਿੰਦਿਆਂ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਤਾਂ ਜੰਗਲ ਦਾ ਹਰੇਕ ਜੀਵ ਮੁਕਤ ਹੋ ਜਾਣਾ ਚਾਹੀਦਾ ਹੈ। ਇਸ ਲਈ ਜਦ ਤਕ ਤੂੰ ਪਰਮਾਤਮਾ ਨੂੰ ਨਹੀਂ ਪਛਾਣਦਾ, ਤਦ ਤਕ ਨੰਗੇ ਰਿਹਾ ਕੀਹ ਸੌਰ ਜਾਣਾ ਹੈ ਤੇ ਪਿੰਡੇ ਤੇ ਚੰਮ ਲਪੇਟਿਆ ਕੀਹ ਮਿਲ ਜਾਣਾ ਹੈ ?

**ਸਿਰ ਮੁੰਨੇ ਸਿੱਧ** : ਇਨ੍ਹਾਂ ਬਾਰੇ ਕਬੀਰ ਜੀ ਫੁਰਮਾ ਰਹੇ ਹਨ :

**ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥੨॥** (ਅੰਗ-੩੨੫)

ਜੇ ਸਿਰ ਮੁਨਾਇਆ ਸਿੱਧੀ ਮਿਲ ਸਕਦੀ ਤਾਂ ਇਹ ਕੀ ਕਾਰਨ ਹੈ ਕਿ ਕੋਈ ਵੀ ਭੇਡ ਹੁਣ ਤਕ ਮੁਕਤ ਕਿਉਂ ਨਹੀਂ ਹੋਈ।

**ਬਿੰਦ ਰੱਖਣ ਵਾਲੇ** : ਬਿੰਦ ਰੋਕ ਕੇ ਰੱਖਣ ਵਾਲੇ ਤੇ ਆਪਣੇ ਆਪ ਨੂੰ ਜਤੀ ਸਦਾਉਣ ਵਾਲਿਆਂ ਬਾਰੇ ਕਬੀਰ ਜੀ ਆਖਦੇ ਹਨ :

**ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥**
(ਅੰਗ-੩੨੪)

ਹੇ ਭਾਈ ! ਜੇ ਬਿੰਦ ਰੱਖ ਕੇ ਅਥਵਾ ਬਾਲ ਜਤੀ ਰਹਿਣ ਨਾਲ ਸੰਸਾਰ ਸਮੁੰਦਰ ਤੋਂ ਤਰ ਸਕੀਦਾ ਹੈ ਤਾਂ ਖੁਸਰੇ ਨੂੰ ਕਿਉਂ ਮੁਕਤੀ ਨਹੀਂ ਮਿਲ ਜਾਂਦੀ। ਅੰਤ ਸਿੱਟਾ ਕੱਢਦੇ ਹੋਏ ਭਗਤ ਜੀ ਆਖਦੇ ਹਨ ਕਿ ਇਹ ਕਰਮ ਕੀਤਿਆਂ ਮੁਕਤੀ ਨਹੀਂ ਹਾਸਲ ਹੁੰਦੀ।

ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾਂ ਕਿਸੇ ਨੂੰ ਮੁਕਤੀ ਨਹੀਂ ਮਿਲ ਸਕਦੀ।

**ਤੀਰਥਾਂ ਤੇ ਇਸ਼ਨਾਨ :** ਕਬੀਰ ਸਾਹਿਬ ਦੇ ਸਮੇਂ ਲੋਕਾਂ ਵਲੋਂ ਤੀਰਥਾਂ ਤੇ ਜਾਕੇ ਇਸ਼ਨਾਨ ਕਰਨ ਦਾ ਬੜਾ ਮਹਾਤਮ ਸਮਝਿਆ ਜਾਂਦਾ ਸੀ ਅਤੇ ਅਠਾਹਠ ਤੀਰਥਾਂ ਉਤੇ ਇਸ਼ਨਾਨ ਨੂੰ ਹੀ ਮੁਕਤੀ ਦਾ ਸਾਧਨ ਸਮਝਿਆ ਜਾਂਦਾ ਸੀ। ਕਬੀਰ ਸਾਹਿਬ ਜੀ ਲੋਕਾਈ ਦੇ ਇਸ ਭਰਮ ਨੂੰ ਦੂਰ ਕਰਨ ਲਈ ਫੁਰਮਾਂਦੇ ਹਨ :

**ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥ ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥** (ਅੰਗ-੪੮੪)

ਹੇ ਭਾਈ ! ਜੇ ਮਨ ਵਿੱਚ ਵਿਕਾਰਾਂ ਦੀ ਮੈਲ ਵੀ ਟਿਕੀ ਰਹੇ ਅਤੇ ਕੋਈ ਮਨੁੱਖ ਤੀਰਥਾਂ ਉੱਤੇ ਨਾਉਂਦਾ ਫਿਰੇ ਤਾਂ ਇਸ ਤਰ੍ਹਾਂ ਉਸ ਨੇ ਸੁਰਗ ਵਿੱਚ ਨਹੀਂ ਜਾ ਸਕਣਾ। ਤੀਰਥਾਂ ਉੱਤੇ ਨਾਤਿਆਂ ਲੋਕ ਤਾਂ ਕਹਿਣ ਲੱਗ ਪੈਣਗੇ ਕਿ ਇਹ ਭਗਤ ਹੈ ਪਰ ਲੋਕਾਂ ਦੇ ਪਤੀਜਿਆਂ ਕੋਈ ਲਾਭ ਨਹੀਂ ਹੁੰਦਾ ਕਿਉਂ ਕਿ ਪਰਮਾਤਮਾ ਜੋ ਹਰੇਕ ਦੀ ਦਿਲ ਦੀ ਜਾਣਦਾ ਹੈ, ਉਹ ਅੰਞਾਣਾ ਨਹੀਂ ਹੈ। ਇਸ ਲਈ ਗੁਰੂ ਦੇ ਦੱਸੇ ਰਾਹ ਉੱਤੇ ਤੁਰਨਾ ਹੀ ਆਪਣਾ ਤੀਰਥ ਇਸ਼ਨਾਨ ਹੈ ਜੋ ਇੱਕ ਪਰਮਾਤਮਾ ਰੂਪੀ ਦੇਵ ਦਾ ਭਜਨ ਕਰੋ।

**ਮੁਕਤੀ ਦਾ ਮਾਰਗ ਕਾਂਸੀ ਵਿੱਚ ਪ੍ਰਾਣ ਤਿਆਗਣਾ :** ਕਬੀਰ ਸਾਹਿਬ ਜੀ ਦੇ ਸਮੇਂ ਪੰਡਿਤਾਂ ਨੇ ਇਹ ਭਰਮ ਫੈਲਾਇਆ ਹੋਇਆ ਸੀ ਜੋ ਮਨੁੱਖ ਆਪਣੇ ਅੰਤਲੇ ਸੁਆਸ ਕਾਂਸੀ ਦੀ ਧਰਤੀ ਉਪਰ ਤਿਆਗਦਾ ਹੈ, ਉਸ ਨੂੰ ਸਵਰਗ ਦੀ ਪ੍ਰਾਪਤੀ ਹੁੰਦੀ ਹੈ। ਕਬੀਰ ਸਾਹਿਬ ਨੇ ਲੋਕਾਈ ਦੇ ਇਸ ਭਰਮ ਨੂੰ ਤੋੜਦਿਆਂ ਹੋਇਆਂ ਜਦੋਂ ਆਪਣੇ ਅੰਤਲੇ ਸਮੇਂ ਮਗਹਰ ਦੀ ਧਰਤੀ ਉੱਤੇ ਆ ਡੇਰਾ ਲਾਇਆ ਤਾਂ ਪੰਡਿਤਾਂ ਨੇ ਕਬੀਰ ਜੀ ਨੂੰ ਕਮਲਾ ਆਖ ਕੇ ਮਖੌਲ ਉਡਾਇਆ। ਪਰ ਭਗਤ ਜੀ ਆਖਦੇ ਹਨ ਕਿ ਮੁਕਤੀ ਦਾ ਕਿਸੇ ਵਿਸ਼ੇਸ਼ ਧਰਤੀ ਨਾਲ ਸੰਬੰਧ ਨਹੀਂ ਹੈ। ਕੇਵਲ ਪਰਮਾਤਮਾ ਦਾ ਨਾਮ ਹੀ ਜੀਵ ਨੂੰ ਮੁਕਤੀ ਦਿਵਾ ਸਕਦਾ ਹੈ। ਆਪ ਜੀ ਨੇ ਫੁਰਮਾਇਆ :

**ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥ ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥ ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥ ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥੧॥ ਰਹਾਉ ॥ ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥ ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥੨॥** (ਅੰਗ-੬੯੨)

ਜਿਵੇਂ ਪਾਣੀ ਵਿੱਚ ਪਾਣੀ ਮਿਲ ਕੇ ਮੁੜ ਵੱਖਰਾ ਨਹੀਂ ਹੋ ਸਕਦਾ, ਤਿਵੇਂ ਕਬੀਰ

ਜੁਲਾਹਾ ਵੀ ਆਪਾ ਭਾਵ ਮਿਟਾ ਕੇ ਪਰਮਾਤਮਾ ਵਿੱਚ ਮਿਲ ਗਿਆ ਹੈ। ਇਸ ਵਿੱਚ ਕੋਈ ਅਨੌਖੀ ਗੱਲ ਨਹੀਂ ਹੈ। ਜੋ ਵੀ ਮਨੁੱਖ ਪ੍ਰਭੂ ਤੇ ਪ੍ਰਭੂ ਭਗਤੀ ਨਾਲ ਸਾਂਝ ਬਣਾ ਲੈਂਦਾ ਹੈ, ਉਸਦਾ ਪ੍ਰਭੂ ਨਾਲ ਇੱਕ ਮਿੱਕ ਹੋ ਜਾਣਾ ਕੋਈ ਵੱਡੀ ਗੱਲ ਨਹੀਂ ਹੈ। ਹੇ ਸੰਤ ਜਨੋ, ਲੋਕਾਂ ਭਾਣੇ ਮੈਂ ਮੱਤ ਦਾ ਕਮਲਾ ਹੀ ਸਹੀ ਭਾਵ ਲੋਕ ਮੈਨੂੰ ਮੂਰਖ ਆਖਣ ਕਿ ਮੈਂ ਕਾਂਸੀ ਛੱਡ ਕੇ ਮਗਹਰ ਆ ਗਿਆ ਹਾਂ ਪਰ ਹੇ ਕਬੀਰ ! ਜੇ ਤੂੰ ਕਾਂਸੀ ਵਿੱਚ ਰਹਿੰਦਾ ਸਰੀਰ ਛੱਡੇ ਤਾਂ ਮੁਕਤੀ ਮਿਲ ਜਾਵੇ ਤਾਂ ਪਰਮਾਤਮਾ ਦਾ ਇਸ ਵਿੱਚ ਕੀ ਉਪਕਾਰ ਸਮਝਿਆ ਜਾਏਗਾ ? ਕਿਉਂਕਿ ਕਾਂਸੀ ਵਿੱਚ ਤਾਂ ਉਂਵ ਹੀ ਇਨ੍ਹਾਂ ਲੋਕਾਂ ਦੇ ਖਿਆਲ ਅਨੁਸਾਰ ਮਰਨ ਲੱਗਿਆ ਮੁਕਤੀ ਮਿਲ ਜਾਂਦੀ ਹੈ ਤਾਂ ਫਿਰ ਸਿਮਰਨ ਦਾ ਕੀ ਲਾਭ ?

ਪਰ ਕਬੀਰ ਆਖਦਾ ਹੈ ਕਿ ਹੇ ਲੋਕੋ ! ਸੁਣੋ, ਕੋਈ ਮਨੁੱਖ ਕਿਸੇ ਭੁਲੇਖੇ ਵਿੱਚ ਨਾਂਹ ਪੈ ਜਾਏ ਕਿ ਕਾਂਸੀ ਵਿੱਚ ਮੁਕਤੀ ਮਿਲਦੀ ਹੈ ਤੇ ਮਗਹਰ ਵਿੱਚ ਨਹੀਂ ਮਿਲਦੀ। ਜੇ ਪਰਮਾਤਮਾ ਦਾ ਨਾਮ ਹਿਰਦੇ ਵਿੱਚ ਹੋਵੇ ਤਾਂ ਕਾਂਸ਼ੀ ਕੀਹ ਤੇ ਮਗਹਰ ਦੀ ਕਲਰਾਠੀ ਧਰਤੀ ਕੀਹ, ਦੋਹੀਂ ਥਾਈਂ ਪ੍ਰਭ ਵਿੱਚ ਲੀਨ ਹੋ ਸਕੀਦਾ ਹੈ।

ਅੰਤ ਵਿੱਚ ਲੇਖ ਨੂੰ ਲੰਬਾ ਨਾ ਕਰਦਾ ਹੋਇਆ ਇਥੇ ਹੀ ਸੰਕੋਚਦਾ ਹੋਇਆ ਮਹਿਸੂਸ ਕਰਦਾ ਹਾਂ ਕਿ ਕਬੀਰ ਸਾਹਿਬ ਜੀ ਨੇ ਆਪਣੇ ਸਮੇਂ ਦੇ ਸਮਾਜਿਕ ਹਾਲਤਾਂ ਨੂੰ ਵੇਖਦੇ ਹੋਏ ਭੁੱਲੀ ਹੋਈ ਲੋਕਾਈ ਲਈ ਬਾਣੀ ਰਾਹੀਂ ਉਪਦੇਸ਼ ਦੇ ਕੇ ਉਨ੍ਹਾਂ ਨੂੰ ਸਿੱਧੇ ਰਾਹ ਤੇ ਪਾ ਕੇ ਭਰਮਾਂ ਭੁਲੇਖਿਆਂ ਤੇ ਪਾਖੰਡਾਂ ਨੂੰ ਤਿਆਗ ਕੇ ਕੇਵਲ ਇੱਕ ਪਰਮਾਤਮਾ ਦੇ ਸਿਮਰਨ ਦੇ ਰਾਹ ਉੱਪਰ ਤੋਰਿਆ। ਆਪ ਜੀ ਦਾ ਇਹ ਲੋਕਾਈ ਉਪਰ ਬੜਾ ਵੱਡਾ ਉਪਕਾਰ ਸੀ। ਸਾਡੇ ਜੀਵਨ ਨੂੰ ਉੱਚੇਰੀ ਸੂਝ ਦੇਣ ਅਤੇ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਗਿਆਨ ਦੀ ਆਂਧੀ ਦੇ ਰਸਤੇ ਉਪਰ ਤੋਰਨ ਦਾ ਉਪਰਾਲਾ ਕੀਤਾ ਹੈ। -o-o-o-


## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

# ਮਹੀਨਾ ਵਾਰੀ ਗੁਰਮਤਿ ਸਮਾਗਮ

## ਦੂਜਾ ਸਨੀਵਾਰ 10 ਜੂਨ 2023 ਨੂੰ

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਸ਼ਬਦ-ਗੁਰੂ

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

**ਸ਼ਬਦ** : ਇਹ ਸ਼ਬਦ ਗੁਰਬਾਣੀ ਅੰਦਰ ਬਾਰ ਬਾਰ ਵਰਤਿਆ ਹੋਇਆ ਮਿਲਦਾ ਹੈ। ਸ਼ਬਦ ਤਿੰਨ ਰੂਪਾਂ ਵਿਚ ਸਾਡੇ ਸਾਹਮਣੇ ਪ੍ਰਗਟ ਹੈ। ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਦੂਜਾ ਰੂਪ ਗੁਰੂ ਦਾ ਸ਼ਬਦ ਜਿਸ ਨੂੰ ਗੁਰ-ਮੰਤਰ ਵੀ ਆਖਿਆ ਜਾਦਾ ਹੈ। ਤੀਜਾ ਹੈ ਇਸ ਦਾ ਮੁੱਢਲਾ ਸਰੂਪ, ਮੂਲ ਰੂਪ। ਸੋ ਆਉ ਸ਼ਬਦ ਦੀ ਵਿਚਾਰ ਕਰੀਏ ਇਸ ਦਾ ਮੂਲ ਲੱਭਣ ਦੀ ਕੋਸ਼ਿਸ਼ ਕਰੀਏ ਕਿ ਸ਼ਬਦ ਕੀ ਵਸਤੂ ਹੈ,ਇਸ ਦੀ ਕੀ ਹੋਂਦ ਹੈ।

**ਮੁੱਢਲਾ ਸ਼ਬਦ** : ਸਭ ਤੋ ਪਹਿਲਾਂ ਸਾਨੂੰ ਇਸ ਸ੍ਰਿਸਟੀ ਦੀ ਰਚਨਾ ਤੋਂ, ਪਹਿਲਾਂ ਦੀ ਅਵਸਥਾ ਦਾ ਵਿਚਾਰ ਕਰਨਾ ਪਵੇਗਾ ।

**੧. ਸ੍ਰਿਸਟੀ ਰਚਨਾ ਤੋਂ ਪਹਿਲਾਂ ਦੀ ਬ੍ਰਹਮੰਡ ਦੀ ਅਵਸਥਾ** :- ਜਦੋਂ ਇਸ ਸੰਸਾਰ ਦੀ ਉਤਪਤੀ ਅਜੇ ਨਹੀ ਹੋਈ ਸੀ, ਉਸ ਵੇਲੇ ਨਿਰੰਕਾਰ ਜੀ ਜੋ ਇਸ ਸੰਸਾਰ ਦੇ ਸਿਰਜਣਹਾਰ ਹਨ ਕਿੱਥੇ ਸਨ, ਕਿਸ ਅਵਸਥਾ ਵਿੱਚ ਸਨ ? ਇਸ ਬਾਬਤ ਗੁਰਬਾਣੀ ਤੋਂ ਸਾਨੂੰ ਸੋਝੀ ਮਿਲਦੀ ਹੈ ਉਸ ਵਿਚੋਂ ਕੁਝ ਹਵਾਲੇ ਆਪ ਜੀ ਦੇ ਸਾਹਮਣੇ ਗੁਰੂ ਕ੍ਰਿਪਾ ਦੁਆਰਾ ਰੱਖਣ ਦਾ ਯਤਨ ਕਰ ਰਿਹਾ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਰੂ ਰਾਗ ਵਿੱਚ ਸ਼ਬਦ ਹੈ :-

**ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥**
**ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥**

ਅਰਬਦ ਨਰਬਦ-ਗਿਣਤੀ ਅਰਬਾਂ ਤੋ ਵੀ ਪਰੇ ਖਰਬਾਂ ਵਿਚ ਜੁਗਾਂ ਜੁਗਾਂਤਰ ਤੋਂ, ਭਾਵ ਬੇਅੰਤ ਸਮੇਂ ਧੁੰਧੂਕਾਰ ਹੀ ਵਰਤਦਾ ਰਿਹਾ । ਹਨੇਰਾ ਹੀ ਹਨੇਰਾ ਰਿਹਾ, ਨਾ ਧਰਤੀ ਸੀ, ਨਾ ਅਕਾਸ਼ ਸੀ, ਨਾ ਦਿਨ ਸੀ, ਨਾ ਰਾਤ ਸੀ, ਨਾ ਚੰਦ ਸੀ, ਨਾ ਸੂਰਜ ਸੀ। ਉਹ ਅਕਾਲ ਪੁਰਖ ਆਪ ਹੈ ਸੀ, ਅਤੇ ਸੁੰਨ ਸਮਾਧ ਦੀ ਅਵਸਥਾ ਵਿਚ ਤਾੜੀ ਲਾਈਂ ਬੈਠਾ ਸੀ।

ਅਰਬਦ ਨਰਬਦ ਵਾਲਾ ਸ਼ਬਦ ਬੜਾ ਲੰਮਾ ਹੈ ਜਿਸ ਦਾ ਸਮੁੱਚਾ ਭਾਵ ਹੈ ਕਿ ਅੱਜ ਸਾਨੂੰ ਬ੍ਰਹਮੰਡ ਜੋ ਦਿਸਦਾ ਹੈ ਇਹ, ਕਿਸੇ ਵੇਲੇ ਕੁਝ ਵੀ ਨਹੀਂ ਸੀ, ਕੇਵਲ ਉਹ ਆਪ ਹੀ ਆਪ ਸੀ, ਇਸ ਸ਼ਬਦ ਵਿਚ ਸਾਰੀ ਦੀ ਸਾਰੀ ਸ੍ਰਿਸ਼ਟੀ ਦਾ ਬਿਆਨ ਕੀਤਾ ਹੋਇਆ ਹੈ ਕਿ ਆਹ ਵੀ ਨਹੀਂ ਸੀ , ਇਹ ਵੀ ਨਹੀ ਸੀ, ਕੁਝ ਵੀ ਨਹੀਂ ਸੀ ਪਰ ਪ੍ਰਭੂ ਸੁੰਨ ਸਮਾਧੀ ਦੀ ਅਵਸਥਾ ਵਿਚ ਬੈਠਾ ਸੀ :-

**ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥**
**ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ॥** (ਅੰਗ-੧੦੩੬)

ਆਪੇ ਹੀ ਮਾਲਿਕ (ਸ਼ਾਹ) ਸੀ ਅਤੇ ਆਪੇ ਹੀ ਵਣਜਾਰਾ (ਵਾਪਾਰੀ) ਸੀ, ਹੋਰ ਕੋਈ ਨਹੀਂ ਸੀ। ਕਿੰਨੀ ਦੇਰ ਇਸ ਅਵਸਥਾ ਵਿੱਚ ਮੌਜੂਦ ਰਿਹਾ। ਸਮੇਂ ਦਾ ਕੋਈ ਅੰਤ ਨਹੀਂ ਕਿ ਇਸ ਅਵਸਥਾ ਵਿਚ ਸਾਡਾ ਸਿਰਜਣਹਾਰ ਪਰਮ ਪਿਤਾ ਪ੍ਰਮਾਤਮਾ ਕਿੰਨਾ ਕੁ ਚਿਰ ਰਿਹਾ, ਉਹ ਆਪ ਹੀ ਜਾਣੇ:-

**ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥**
**ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥** (ਅੰਗ-੧੦੨੩)

ਕਿੰਨੇ ਹੀ ਜੁਗ ਧੁੰਧੂਕਾਰ ਵਿਚ ਸਿਰਜਣਹਾਰ ਵਾਹਿਗੁਰੂ ਜੀ ਵਿਸ਼ਰਾਮ ਕਰਦੇ ਰਹੇ। ਇਹ ਉਸ ਸੱਚੇ ਸਤਿਨਾਮ ਦੀ, ਅਤੇ ਉਸ ਦੇ ਸੱਚੇ ਤਖਤ ਦੀ ਸੱਚੀ ਵਡਿਆਈ ਹੈ ਕਿ ਉਸ ਦੀ ਇਸ ਹਾਲਤ ਦਾ ਕੋਈ ਅੰਤ ਨਹੀਂ ਪਾ ਸਕਦਾ।

ਸਿਧ ਗੋਸਟਿ ਬਾਣੀ ਅੰਦਰ ਜੋਗੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕਰਦੇ ਹਨ :-

**ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥**
**ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥**
**ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥** (ਅੰਗ-੯੪੫)

ਜੋਗੀਆਂ ਦਾ ਪ੍ਰਸ਼ਨ ਹੈ ਕਿ ਜਦੋਂ ਹਿਰਦਾ ਹੀ ਨਹੀਂ ਸੀ, ਮਨ ਕਿੱਥੇ ਸੀ। ਨਾਭੀ ਨਹੀਂ ਸੀ, ਪਵਨ (ਸਾਹ) ਦਾ ਕਿਹੜਾ ਘਰ ਸੀ ਅਤੇ ਜਦੋਂ ਕੋਈ ਰੂਪ ਨਹੀਂ ਸੀ ਸ਼ਬਦ ਕਿਥੇ ਲਿਵ ਲਾਉਂਦਾ ਸੀ।

ਸਤਿਗੁਰੂ ਨਾਨਕ ਦੇਵ ਜੀ ਉੱਤਰ ਦਿੰਦੇ ਹਨ :-

**ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥ ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥** (ਅੰਗ-੯੪੫-੪੬)

ਹਿਰਦਾ ਦੇਹ ਨਹੀਂ ਸੀ ਤਾਂ ਮਨ ਸੁੰਨ ਵਿਚ ਵਸਦਾ ਸੀ, ਭਾਵ ਨਿਰਗੁਣ ਬ੍ਰਹਮ ਵਿੱਚ ਵਸਦਾ ਸੀ। ਜਦੋਂ ਨਾਭੀ ਕਮਲ ਨਹੀਂ ਸੀ ਤਾਂ ਪਵਨ (ਸਾਹ) ਅਪਣੇ ਰੂਪ ਵਿੱਚ ਹੀ ਰੱਤੀ ਹੋਈ ਸੀ। ਤੱਤ ਰੂਪ ਸ਼ਬਦ ਵੀ ਉਦੋਂ ਵਾਹਿਗੁਰੂ ਦੇ ਸਰੂਪ ਵਿਚ ਵੱਸਦਾ ਸੀ। ਪ੍ਰਿਥਵੀ ਤੇ ਅਕਾਸ਼ ਨਹੀਂ ਸਨ ਤਾਂ ਆਪੇ ਆਪ ਨਿਰੰਕਾਰ ਦੀ ਜੋਤਿ ਸਾਰੇ ਪਾਸੇ ਪਸਰੀ ਹੋਈ ਸੀ।

ਫਿਰ ਉਸ ਅਕਾਲ ਪੁਰਖ ਨੇ ਭਾਣਾ ਵਰਤਾਇਆ ਅਤੇ ਸ੍ਰਿਸਟੀ ਦੀ ਰਚਨਾ ਕੀਤੀ।

**੨. ਭਾਣਾ ਕਿਵੇਂ ਵਰਤਿਆ ?**

**ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥**

**ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥** (ਅੰਗ-੧੦੩੬)

ਜਦੋਂ ਅਕਾਲ ਪੁਰਖ ਦੀ ਮਰਜ਼ੀ ਹੋਈ ਤਾਂ ਅਪਣੇ ਭਾਣੇ ਵਿਚ ਉਸ ਨੇ ਜਗਤ ਦੀ ਰਚਨਾ ਕਰ ਦਿੱਤੀ। ਫੇਰ ਕਮਾਲ ਇਹ ਹੈ, ਕਿ ਸੰਸਾਰ ਦੀ ਰਚਨਾ, ਪਾਸਾਰਾ ਬਿਨਾ ਕਿਸੇ ਠੋਸ ਵਸਤੂ ਦੇ ਅਪਣੇ ਹੀ ਸਹਾਰੇ ਨਾਲ ਖੜ੍ਹੀ ਹੈ। ਕਲਾ ਐਸੀ ਵਰਤਾਈ ਕਿ ਬ੍ਰਹਮਾ ਬਿਸ਼ਨੂ ਅਤੇ ਸ਼ਿਵ ਨੂੰ ਪੈਦਾ ਕਰਕੇ ਮਾਇਆ ਦੇ ਮੋਹ ਵਿਚ ਪਾ ਦਿੱਤਾ ਅਤੇ ਆਪ :-

**ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥**
**ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥** (ਅੰਗ-੧੦੩੬)

ਕਿਸੇ ਵਿਰਲੇ ਨੂੰ ਹੀ ਸਬਦ ਦੀ ਸੋਝੀ ਦਿੱਤੀ। ਸਾਰੇ ਪਸਾਰੇ ਨੂੰ ਪਸਾਰ ਕੇ ਅਪਣੇ ਹੁਕਮ ਨੂੰ ਆਪ ਪਛਾਣਦਾ ਹੈ।ਖੰਡ (ਭਾਗ) ਬ੍ਰਹਮੰਡ (ਵੱਡਾ ਸੰਸਾਰ) ਪਾਤਾਲ ਪੈਦਾ ਕਰਕੇ ਆਪ ਇਸ ਤਰ੍ਹਾਂ ਗੁਪਤ ਤੋਂ ਪ੍ਰਗਟ ਹੋ ਗਿਆ। ਭਾਣੇ ਨੂੰ ਹੁਕਮ ਵੀ ਕਿਹਾ ਹੈ :-

**ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥**
**ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥** (ਅੰਗ-੧੦੪੩)

ਆਪਣੇ ਹੁਕਮ ਨਾਲ ਸੁਭਾਵਕ ਹੀ ਸ੍ਰਿਸਟਿ ਪੈਦਾ ਕਰ ਦਿੱਤੀ ਅਤੇ ਅਪਣੀ ਰਚਨਾ ਸਾਜ ਕੇ ਅਪਣੀ ਵਡਿਆਈ ਆਪੇ ਹੀ ਵੇਖਦਾ ਹੈ। ਆਪੇ ਹੀ ਕਰਦਾ ਕਰਾਉਂਦਾ ਹੈ ਅਤੇ ਇਸ ਵਿਚ ਆਪ ਹੀ ਸਮਾਇਆ ਹੋਇਆ ਹੈ।

### ੩. ਸ਼ਬਦ ਦਾ ਆਰੰਭ :

ਸੱਚੇ ਵਾਹਿਗੁਰੂ ਤੋਂ ਪਹਿਲੇ ਪਹਿਲ ਕੀ ਪੈਦਾ ਹੋਇਆ ?

ਸਿਰੀਰਾਗ ਮਹਲਾ ੧ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ :-

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥**
**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥**
**ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥** (ਅੰਗ-੧੯)

ਧਿਆਨ ਦੇਣਾ, ਸੱਚੇ ਵਾਹਿਗੁਰੂ ਤੋਂ ਸਭ ਤੋਂ ਪਹਿਲਾਂ ਪਵਨ ਪ੍ਰਗਟ ਹੋਈ। ਪਵਨ ਦਾ ਕੀ ਰੂਪ ਹੈ, ਆਪ ਸਮਝਦੇ ਹੋ-ਹਵਾ, ਸ਼ਬਦ ਕੀ ਹੈ ਹਵਾ, ਸੋ ਸ਼ਬਦ ਉਤਪੰਨ ਹੋਇਆ। ਉਥੋਂ ਫੇਰ ਜਲ ਹੋਇਆ, ਜਲ (ਪਾਣੀ) ਤੋਂ ਸਾਰੀ ਸ੍ਰਿਸਟੀ ਦੀ ਰਚਨਾ ਹੋਈ ਅਤੇ ਰਚਨਾ ਵਿਚ ਫੇਰ ਆਪ ਘਟ ਘਟ ਵਿਚ ਸਮਾ ਗਿਆ। ਪਵਨ ਨੂੰ ਸ਼ਬਦ ਕਿਹਾ ਹੈ, ਸ਼ਬਦ ਨਾਲ ਜੁੜਨ ਕਰਕੇ ਮਨੁੱਖ ਦਾ ਮਨ ਮੈਲਾ ਨਹੀਂ ਹੁੰਦਾ ਅਤੇ ਜੀਵ-ਆਤਮਾ ਨੂੰ ਵਡਿਆਈ ਮਿਲਦੀ ਹੈ। ਅੱਗੇ ਵੇਖਾਂਗੇ ਸਿੱਧੀ ਸ਼ਬਦ ਜਾਂ ਓਅੰਕਾਰ ਦੀ ਗੱਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿਚਲੀ ਚੌਵੀ 'ਅਵਤਾਰ' ਸਿਰਲੇਖ ਦੀ ਰਚਨਾ ਵਿਚ ਸ੍ਰਿਸਟੀ ਰਚਨਾ ਵੇਲੇ

'ਓਅੰਕਾਰ' ਦੇ ਭੇਦ ਨੂੰ ਖੋਲਦੇ ਹਨ, ਆਪ ਦੇ ਬਚਨ ਹਨ:-

**ਪ੍ਰਿਥਮੇ ਓਅੰਕਾਰ ਤਿਨਿ ਕਹਾ ॥ ਸੋ ਧੁਨਿ ਪੂਰ ਜਗਤ ਮੋ ਰਹਾ ॥**
**ਤਾ ਤੇ ਜਗਤ ਭਯੋ ਬਿਸਥਾਰਾ ॥ ਪੁਰਖੁ ਪ੍ਰਕ੍ਰਿਤਿ ਜਬ ਦੁਹੂੰ ਬਿਚਾਰਾ॥**

ਸਤਿਗੁਰੂ ਜੀ ਕ੍ਰਿਪਾ ਕਰਦੇ ਹਨ, ਆਖਦੇ ਹਨ ਕਿ ਸੰਸਾਰ ਦੀ ਰਚਨਾ ਕਰਨ ਵੇਲੇ ਨਿਰੰਕਾਰ ਜੀ ਨੇ ਓਅੰਕਾਰ ਸ਼ਬਦ ਆਖਿਆ। ਇਹ ਜੋ ਸਬਦ ਆਖਿਆ ਇਸ ਦੀ ਧੁਨਿ ਸਾਰੇ ਸੰਸਾਰ ਵਿੱਚ ਫੈਲ ਗਈ ਅਤੇ ਫੈਲੀ ਹੋਈ ਹੈ। ਇਸ ਸਬਦ ਤੋਂ ਹੀ ਜਗਤ ਦਾ ਪਸਾਰਾ ਹੋਇਆ ਅਤੇ ਦੋ ਸ਼ਕਤੀਆਂ ਹੋਂਦ ਵਿੱਚ ਆਈਆਂ ; ੧. ਪ੍ਰਕ੍ਰਿਤੀ (ਕੁਦਰਤ) ੨. ਪੁਰਖ ; ਉਹ ਰੱਬੀ ਸ਼ਕਤੀ ਜੋ ਸਰਬ ਵਿਆਪਕ ਹੈ ਅਤੇ ਕਣ ਕਣ ਵਿੱਚ ਸਮਾਈ ਹੋਈ ਹੈ।

**ਦਸਮੇਸ਼ ਪਿਤਾ ਨੇ ਹੋਰ ਲਿਖਿਆ ਹੈ :-**

**ਪ੍ਰਿਥਮ ਕਾਲ ਜਬ ਕਰਾ ਪਸਾਰਾ ॥ ਓਅੰਕਾਰ ਤੇ ਸ੍ਰਿਸਟੀ ਉਪਾਰਾ ॥**

ਜਦੋਂ ਨਿਰੰਕਾਰ ਨੇ ਓਅੰਕਾਰ ਸ਼ਬਦ ਬੋਲਿਆ ਤਾਂ ਸ੍ਰਿਸਟੀ ਦੀ ਰਚਨਾ ਹੋਈ। ਸ੍ਰੀ ਗੁਰੂ ਗ੍ਰੰਥ ਵਿੱਚੋਂ ਓਅੰਕਾਰ ਬਾਣੀ (ਰਾਮਕਲੀ ਮਹਲਾ ੧ ਦਖਣੀ ਓਅੰਕਾਰ) ਅਸੀਂ ਪੜ੍ਹਦੇ ਹਾਂ ਉਸ ਵਿਚ ਅੰਕਿਤ ਹੈ :-

**ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥** (ਅੰਗ-੯੨੯)

ਓਅੰਕਾਰ ਤੋਂ ਬ੍ਰਹਮਾ ਦੀ ਉਤਪਤੀ ਹੋਈ, ਬ੍ਰਹਮਾ ਨੇ ਓਅੰਕਾਰ ਨੂੰ ਚਿੱਤ ਵਿਚ ਯਾਦ ਕੀਤਾ। ਓਅੰਕਾਰ ਸ਼ਬਦ ਤੋਂ ਹੀ ਪਹਾੜ ਬਣੇ ਤੇ ਸਮੇਂ ਦੀਆਂ ਵੰਡੀਆਂ ਹੋਈਆਂ। ਇਸ ਤੋਂ ਹੀ ਵੇਦਾਂ ਦੀ ਰਚਨਾ ਹੋਈ। ਓਅੰਕਾਰ ਤੋਂ ਹੀ ਸ਼ਬਦ ਦੁਆਰਾ ਸੰਸਾਰ ਦਾ ਉਧਾਰ ਹੋਇਆ ਅਤੇ ਇਸ ਤਰ੍ਹਾਂ ਇਸ ਨੂੰ ਜਪ ਜਪ ਕੇ ਗੁਰਮੁਖਾਂ ਦਾ ਪਾਰ ਉਤਾਰਾ ਹੋ ਗਿਆ, ਭਵ ਸਾਗਰ ਤੋਂ ਤਰ ਗਏ। ਓਅੰਕਾਰ ਅੱਖਰ ਦਾ ਇਹ ਬੀਚਾਰ ਹੈ ਕਿ ਇਹ ਤਿੰਨਾਂ ਭਵਨਾਂ ਦਾ ਤੱਤ ਹੈ।

ਸ੍ਰਿਸਟੀ ਰਚਨਾ ਬਾਬਤ ਹੁਣ ਭਾਈ ਗੁਰਦਾਸ ਜੀ ਦੇ ਵੀਚਾਰ ਦੇਖੋ। ਆਪਣੀ ਵਾਰ ੨੬ ਦੀ ਪਉੜੀ ੨ ਵਿਚ ਆਪ ਫਰਮਾਉਂਦੇ ਹਨ :-

**ਨਿਰੰਕਾਰ ਆਕਾਰੁ ਹੋਇ ਏਕੰਕਾਰੁ ਅਪਾਰ ਸਦਾਇਆ ।**
**ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰ ਬਣਾਇਆ ।**

ਨਿਰੰਕਾਰ ਨੇ ਜਦੋਂ ਆਕਾਰ ਧਾਰਨ ਕੀਤਾ ਤਾਂ ਉਸ ਨੂੰ ਅਪਰੰਪਰਪਾਰ ਏਕੰਕਾਰ ਸੱਦਿਆ ਗਿਆ। ਜਦੋਂ ਇਹ ਕੌਤਕ ਮਾਲਿਕ ਨੇ ਵਰਤਾਇਆ ਤਾਂ 'ਏਕੰਕਾਰ' ਤੋਂ

'ਓਅੰਕਾਰ' ਸ਼ਬਦ ਦੀ ਧੁਨਿ ਹੋਈ, ਉਹ ਸ਼ਬਦ ਕੀ ਸੀ, ਉਸ ਦਾ ਨਾਂ ਓਅੰਕਾਰ ਹੈ ਅਤੇ ਇਸ ਦਾ ਆਕਾਰ ਬਣਾ ਦਿੱਤਾ। ਧਿਆਨ ਰਹੇ ਇਸ ਅਵਸਥਾ ਵਿਚ ਸ਼ਬਦ ਦੀ ਧੁਨਿ ਹੋਈ। ਇਹ ਸ਼ਬਦ ਦਾ ਅਰੰਭ ਹੈ। ਸ਼ਬਦ ਦੀ ਹੋਂਦ ਕਿਥੋਂ ਹੋਈ ਤਾਂ ਸਾਨੂੰ ਸ਼ਬਦ ਗਿਆਨ ਐਥੋਂ ਹੁੰਦਾ ਹੈ। ਪਹਿਲਾ ਸ਼ਬਦ ਓਅੰਕਾਰ ਹੈ। ਇਸ ਸ਼ਬਦ ਤੋਂ ਸਾਰੇ ਬ੍ਰਹਮੰਡ ਦੀ ਉਤਪਤੀ ਹੋਈ। ੧੯ਵੀਂ ਵਾਰ ਦੀ ਪਹਿਲੀ ਪਉੜੀ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ :-

**ਇਕ ਕਵਾਉ ਪਸਾਉ ਕਰ ਓਅੰਕਾਰ ਅਨੇਕ ਅਕਾਰਾ।**
**ਪਉਣ ਪਾਣੀ ਬੈਸੰਤਰੋ ਧਰਤਿ ਅਗਾਸ ਨਿਵਾਸ ਵਿਥਾਰਾ।**
**ਜਲ ਥਲ ਤਰਵਰ ਪਰਬਤਾਂ ਜੀਆ ਜੰਤ ਆਗਣਤ ਅਪਾਰਾ।**

ਜਦੋਂ ਇਹ ਸ਼ਬਦ ਧੁਨਿ ਹੋਈ ਇਸ ਨੂੰ ਕਵਾਉ ਵੀ ਕਿਹਾ ਗਿਆ ਹੈ। ਕਵਾਉ-ਭਾਵ ਵਾਕ, ਵਾਕ ਭਾਵ ਸ਼ਬਦ ਤੇ ਇਸ ਤੋਂ ਅੱਗੇ ਫੇਰ ਪਉਣ ਪਾਣੀ ਅਤੇ ਬੈਸੰਤਰ ਦੇ ਤੱਤ ਹੋਂਦ ਵਿਚ ਆਏ।

ਜਪੁਜੀ ਸਾਹਿਬ ਵਿਚ ਅਸੀਂ ਹਰ ਰੋਜ਼ ਪੜ੍ਹਦੇ ਹਾਂ :-

**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥** (ਅੰਗ-੧੬)

ਕਵਾਉ-ਭਾਵ ਸ਼ਬਦ, ਇਕ ਵਾਕ ਤੋਂ ਹੀ ਪਸਾਰਾ ਹੋ ਗਿਆ ਅਤੇ ਬੇਅੰਤ ਸ੍ਰਿਸਟੀ ਪੈਦਾ ਹੋ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਇਸੀ ਪ੍ਰਥਾਇ ਮਾਰੂ ਰਾਗ ਵਿਚ ਕ੍ਰਿਪਾ ਕਰਦੇ ਹਨ :-

**ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥**
(ਅੰਗ-੧੦੦੩)

ਸਭ ਵਾਹਿਗੁਰੂ ਸ਼ਬਦ, ਓਅੰਕਾਰ ਤੋਂ ਹੀ ਉਤਪਤੀ ਹੋਈ ਹੈ। ਦਿਨ ਰਾਤ, ਬਨਸਪਤੀ, ਜੰਗਲ, ਪਾਣੀ, ਚਾਰ ਵੇਦ , ਖੰਡ ਦੀਪ ਸਭ ਲੋਕ ਓਅੰਕਾਰ ਤੋਂ ਹੋਏ। ਸਪਸ਼ਟ ਕਰਦੇ ਹਨ ਕਿ ਇਕ ਕਵਾਉ ਤੋਂ ਹੀ ਇਹ ਸਭ ਕੁਝ ਪੈਦਾ ਹੋਇਆ। ਇਕੋ ਆਵਾਜ਼, ਇਕੋ ਸ਼ਬਦ ਜਿਸ ਦਾ ਨਾਂ 'ਓਅੰਕਾਰ' ਰਖਿਆ ਗਿਆ। ਇਸ ਲਈ ਇਸ ਕਰਨਹਾਰੇ ਨੂੰ ਬੁੱਝਣਾ ਕਰੋ, ਇਸ ਦੀ ਸੋਝੀ ਲਓ।ਇਹ ਸੋਝੀ ਸਤਿਗੁਰੂ ਨੂੰ ਮਿਲ ਕੇ ਹੋਵੇਗੀ। ਸਤਿਗੁਰੂ ਅਮਰਦਾਸ ਜੀ ਵੀ ਹੋਰ ਸਪਸ਼ੱਟ ਕਰਦੇ ਹਨ :-

**ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥** (ਅੰਗ-੧੧੭)

ਸੰਸਾਰ ਦੀ ਉਤਪਤੀ ਸ਼ਬਦ (ਵਾਹਿਗੁਰੂ ਦੇ ਨਾਮ) ਦੁਆਰਾ ਹੁੰਦੀ ਹੈ ਅਤੇ ਪਰਲੈ

(ਨਾਸ਼) ਵੀ ਸ਼ਬਦ ਦੁਆਰਾ ਹੀ ਹੁੰਦਾ ਹੈ ਅਤੇ ਫੇਰ ਸ਼ਬਦ ਦੁਆਰਾ ਹੀ ਪੈਦਾ ਕਰ ਦਿੰਦਾ ਹੈ। ਸ਼ਬਦ ਲਈ ਨਾਮ ਸ਼ਬਦ ਵੀ ਵਰਤਿਆ ਹੋਇਆ ਬਹੁਤ ਥਾਂਈ ਮਿਲਦਾ ਹੈ। ਨਾਮ ਤੇ ਸ਼ਬਦ ਸਮਾਨਅਰਥਕ ਸ਼ਬਦ ਹਨ। ਨਾਮ ਦੀ ਹੀ ਧਾਰਨ ਕੀਤੀ ਹੋਈ ਸ੍ਰਿਸ਼ਟੀ ਹੈ, ਜਿਵੇਂ :-

**ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥**

ਨਾਮ ਤੋਂ ਸਾਰੇ ਜੰਤ ਬਣੇ ਹਨ। ਨਾਮ ਤੋਂ ਹੀ ਖੰਡ ਬ੍ਰਹਮੰਡ ਬਣੇ ਹਨ। ਨਾਮ ਤੋਂ ਹੀ ਧਾਰਮਿਕ ਗ੍ਰੰਥ, ਸਿਮਰਤੀਆਂ, ਵੇਦ ਅਤੇ ਪੁਰਾਣ ਹੋਂਦ ਵਿਚ ਆਏ ਹਨ। ਸਾਰੇ ਆਕਾਰ ਨਾਮ ਤੋਂ ਹੀ ਪੈਦਾ ਹੋਏ ਹਨ ਅਤੇ ਆਕਾਸ਼ ਪਾਤਾਲ ਵੀ ਨਾਮ ਦੀ ਕਿਰਤ ਹੈ।

ਏਕੰਕਾਰ ਅਤੇ ਓਅੰਕਾਰ ਦਾ ਸਬੰਧ ਦੱਸਦੇ ਹੋਏ ਇਸ ਦਾ ਭੇਦ ਖੋਲ੍ਹਦੇ ਹੋਏ 'ੴ' ਜੋ ਅੱਖਰ ਮੂਲ ਮੰਤ੍ਰ ਦੇ ਅਰੰਭ ਵਿੱਚ ਆਉਂਦਾ ਹੈ, ਇਸ ਦੀ ਬਾਬਤ ਭਾਈ ਗੁਰਦਾਸ ਜੀ ਆਖਦੇ ਹਨ :-

**੧-ਏਕਾ ਏਕੰਕਾਰ ਲਿਖ ਦਿਖਾਲਿਆ । ਓ-ਓਅੰਕਾਰ ਪਾਸ ਬਹਾਲਿਆ ।**

ਉਪ੍ਰੋਕਤ ਗੁਰੂ ਬਚਨਾਂ ਤੋਂ ਸਪਸ਼ਟ ਹੈ ਕਿ ਨਿਰੰਕਾਰ ਤੋਂ ਏਕੰਕਾਰ ਅਤੇ ਏਕੰਕਾਰ ਤੋਂ ਓਅੰਕਾਰ ਅੱਖਰ- ਸ਼ਬਦ ਜਾਂ ਵਾਕ ਹੋਂਦ ਵਿਚ ਆਉਣ ਕਰਕੇ ਅੱਗੇ ਸਾਰੀ ਸ੍ਰਿਸਟੀ ਦੀ ਰਚਨਾ ਹੋਈ ਹੈ। ਸਪਸ਼ਟ ਹੋ ਗਿਆ ਕਿ ਸ਼ਬਦ ਦਾ ਮੂਲ ਕੀ ਹੈ।

**੩. ਰਚਨਾ ਵਿਚ ਸ਼ਬਦ ਵਿਆਪਕ-** ਹੁਣ ਵੇਖਦੇ ਹਾਂ ਕਿ ਇਹ ਸ਼ਬਦ ਜਿਸ ਰਾਹੀਂ ਅਕਾਲ ਪੁਰਖ ਨੇ ਸ੍ਰਿਸਟੀ ਬਣਾਈ ਉਹ ਸ੍ਰਿਸਟੀ ਵਿਚ ਵੀ ਕਿਵੇਂ ਰਚਿਆ ਹੋਇਆ ਹੈ।

**ਜੋਗੀਆਂ ਦਾ ਪ੍ਰਸ਼ਨ;**

**ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥** (ਅੰਗ-੯੪੪)

ਉਸ ਸ਼ਬਦ ਦਾ ਵਾਸਾ ਕਿੱਥੇ ਹੈ ਜਿਸ ਦੁਆਰਾ ਭਵਜਲ ਸੰਸਾਰ ਤੋਂ ਤਰੀਦਾ ਹੈ?

ਉੱਤਰ :-

**ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥ ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥ ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥ ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥** (ਅੰਗ-੯੪੪)

ਉਹ ਸ਼ਬਦ ਸਭ ਥਾਂ ਵਿਆਪਕ ਹੈ (ਪਰੀਪੂਰਨ ਹੈ)। ਜਿੱਥੇ ਵੀ ਦੇਖੋ ਹਰ ਥਾਂ ਸ਼ਬਦ

ਨਜ਼ਰ ਆਉਂਦਾ ਹੈ।ਪਰ ਉਹ ਅਲਖ ਹੈ, ਜੋ ਲਖਿਆ ਨਹੀਂ ਜਾ ਸਕਦਾ। ਜਿਵੇਂ ਹਰ ਥਾਂ ਪਵਨ ਦਾ ਵਾਸਾ ਹੈ ਤਿਵੇਂ ਸੁੰਨ ਦਾ ਨਿਵਾਸ ਹੈ। ਵਾਹਿਗੁਰੂ ਜੀ ਦਾ ਨਿਵਾਸ ਸੁੰਨ ਵਿਚ ਹੈ।

ਵਾਹਿਗੁਰੂ ਜੀ ਐਸੀ ਕਲਾ ਵਿਚ ਸਰਬ ਵਿਆਪਕ ਹਨ ਜਿੱਥੇ ਕੋਈ ਕਲਾ ਦੀ ਬਣਾਵਟ ਸਾਨੂੰ ਨਜ਼ਰ ਨਹੀਂ ਆਉਂਦੀ। ਸਤਿਗੁਰੂ ਜੀ ਮਿਹਰ ਦੀ ਨਜ਼ਰ ਕਰਨ ਤਾਂ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਣ ਨਾਲ ਭਰਮ ਦੂਰ ਹੋ ਜਾਂਦਾ ਹੈ ਸਰਬ ਵਿਆਪਕਤਾ ਦੀ ਸੋਝੀ ਹੋ ਜਾਂਦੀ ਹੈ। ਇਹ ਸ਼ਬਦ ਮਨ ਵਿਚ ਵਸਣ ਕਰਕੇ ਤਨ, ਮਨ ਨਿਰਮਲ ਹੋ ਜਾਂਦੇ ਹਨ ਅਤੇ ਨਾਮ ਹਿਰਦੇ ਵਿਚ ਵਾਸ ਕਰ ਜਾਂਦਾ ਹੈ। ਗੁਰੂ ਦੇ ਸ਼ਬਦ ਦੁਆਰਾ ਭਵ ਸਾਗਰ ਤੋਂ ਤਰ ਜਾਈਦਾ ਹੈ ਜੋ ਐਥੈ, ਓਥੈ ਉਰੇ-ਪਰੇ ਇਕ ਹੀ ਹੈ।

ਉਸ ਵਾਹਿਗੁਰੂ ਦਾ ਚਿਹਨ ਚੱਕਰ ਕੋਈ ਨਹੀਂ। ਗੁਰੂ ਜੀ ਆਖਦੇ ਹਨ, ਵਾਹਿਗੁਰੂ ਜੀ ਨੂੰ ਛਾਇਆ ਮਾਇਆ ਦੇ ਰੂਪ ਵਿੱਚ ਸ਼ਬਦ ਰਾਹੀਂ ਪਛਾਣੀਦਾ ਹੈ। ਸੋ ਸ਼ਬਦ ਗੁਰੂ ਦਾ ਕੰਮ ਕਰਦਾ ਹੈ, ਜਿਸ ਰਾਹੀਂ ਵਾਹਿਗੁਰੂ ਜੀ ਨੂੰ ਪਾਇਆ ਜਾਂਦਾ ਹੈ :-

**ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥**
(ਅੰਗ-੯੪੬)

ਏਥੇ ਸ਼ਬਦ, ਬਾਣੀ ਰਾਹੀਂ ਲਈ ਵਰਤਿਆ ਹੈ ਕਿ ਗੁਰੂ ਰਾਹੀਂ ਬਾਣੀ (ਉਪਦੇਸ਼) ਨੂੰ ਕੋਈ ਵੀਚਾਰਦਾ ਹੈ ਅਤੇ ਬਾਣੀ ਦੁਆਰਾ ਸੱਚ ਪ੍ਰਗਟ ਹੁੰਦਾ ਹੈ। ਇਹ ਉਹੋ ਸ਼ਬਦ ਦੀ ਗੱਲ ਹੈ ਜਿਸ ਦੀ ਅਸੀਂ ਉੱਪਰ ਵੀਚਾਰ ਕੀਤੀ ਹੈ।

'ਸ਼ਬਦ' ਸ਼ਬਦ, ਧਰਮ ਲਈ ਵੀ ਵਰਤਿਆ ਗਿਆ ਹੈ :-

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥ ਖ੍ਹਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥ ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ॥ ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ ॥੩॥** (ਅੰਗ-੧੩੫੩)

ਇਥੇ ਸ਼ਬਦ ਤੋਂ ਭਾਵ ਧਰਮ ਦਾ ਲਿਆ ਗਿਆ ਹੈ। ਸ਼ਬਦ ਨੂੰ ਧਰਮ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਦੱਸਿਆ ਹੈ ਕਿ ਜੋਗੀਆਂ, ਵੇਦਾਂ, ਬ੍ਰਹਮਣਾਂ, ਖਤਰੀਆਂ ਤੇ ਸੂਦਰਾਂ ਦੇ ਅਖੌਤੀ ਧਰਮ ਕੀ ਹਨ ਅਤੇ ਅੰਤ ਵਿਚ ਕਿਹਾ ਹੈ ਕਿ ਅਸਲੀ ਧਰਮ ਤਾਂ ਇਕੋ ਹੀ ਪ੍ਰਮਾਤਮਾ ਦੇ 'ਸ਼ਬਦ' (ਨਾਮ)ਨੂੰ ਅਪਨਾਉਣ ਦਾ ਹੈ।

**ਤੁਧ ਆਪੇ ਸ੍ਰਿਸਟਿ ਸਿਰਜੀਆ ਆਪੇ ਫੁਨਿ ਗੋਈ ॥**
**ਸਭੁ ਏਕੋ ਸਬਦ ਵਰਤਦਾ ਜੋ ਕਰੇ ਸੁ ਹੋਈ ॥** (ਅੰਗ-੬੫੩)

ਹੇ ਅਕਾਲ ਪੁਰਖ ਤੁਹਾਡੇ ਹੱਥ ਵਿਚ ਸਭ ਕੁਝ ਹੈ। ਸ੍ਰਿਸਟੀ ਦੀ ਰਚਨਾ, ਸ੍ਰਿਸਟੀ ਦਾ ਪਾਲਣ ਪੋਸ਼ਣ ਸਭ ਤੁਹਾਡੇ ਵੱਸ ਵਿੱਚ ਹੈ। ਹੋਰ ਦੂਜਾ ਕੋਈ ਨਹੀਂ ਜੋ ਸ੍ਰਿਸਟੀ ਨੂੰ ਚਲਾ

ਰਿਹਾ ਹੈ। ਤੁਸੀਂ ਆਪੇ ਹੀ ਖੰਡਾਂ ਬ੍ਰਹਮੰਡਾਂ ਦੀ ਸਾਜਨਾ ਕਰਦੇ ਹੋ ਅਤੇ ਆਪ ਹੀ ਫੇਰ ਨਾਸ਼ ਵੀ ਕਰ ਦਿੰਦੇ ਹੋ। ਇਸ ਸਾਰੀ ਸ੍ਰਿਸ਼ਟੀ ਵਿਚ ਸ਼ਬਦ ਦਾ ਵਾਸਾ ਹੈ। ਐਥੇ ਸ਼ਬਦ ਹੁਕਮ ਦੇ ਰੂਪ ਵਿਚ ਆਇਆ ਹੈ। ਸਭ ਪਾਸੇ ਤੇਰਾ ਹੀ ਹੁਕਮ ਵਰਤ ਰਿਹਾ ਹੈ।

**੪. ਸ਼ਬਦ ਗੁਰੂ ਹੈ :-**

ਵਾਹਿਗੁਰੂ ਜੀ ਨੇ ਆਪਣਾ ਆਪ ਗੁਰੂ ਵਿਚ ਸਮੋਇਆ ਹੋਇਆ ਹੈ ਅਤੇ ਸ਼ਬਦ ਦਾ ਵਰਤਾਰਾ ਕੀਤਾ ਹੋਇਆ ਹੈ। ਗੁਰੂ ਇਸ ਤਰ੍ਹਾਂ ਸੱਚ ਨਾਲ ਪਤੀਜਦਾ ਹੈ ਅਤੇ ਸੱਚ ਵਿਚ ਸਮਾਉਂਦਾ ਹੈ। ਇਸੇ ਤਰ੍ਹਾਂ ਸ਼ਬਦ ਗੁਰੂ ਸਿੱਖ ਨੂੰ ਵੀ ਸੱਚ ਵਿੱਚ ਸਮਾਉਂਣ ਦਾ ਅਵਸਰ ਬਖਸ਼ਦਾ ਹੈ :-

**ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥**
**ਸਚੇ ਹੀ ਪਤੀਆਇ ਸਚਿ ਸਮਾਇਆ ॥੨॥** (ਅੰਗ-੧੨੭੬)

ਸਿੱਧ, ਗੁਰੂ ਨਾਨਕ ਜੀ ਨੂੰ ਪ੍ਰਸ਼ਨ ਕਰਦੇ ਹਨ ਕਿ ਜੀਵਨ ਦਾ ਮੂਲ ਕਿੱਥੇ ਅਤੇ ਕੀ ਹੈ ਕਿਸ ਦੀ ਮੱਤ ਲੈਣ ਦਾ ਅੱਜ ਵੇਲਾ ਹੈ। ਤੇਰਾ ਗੁਰੂ ਕਉਣ ਹੈ ਤੂੰ ਕਿਸ ਦਾ ਚੇਲਾ ਹੈਂ ?:-

**ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥**(ਅੰਗ-੯੪੩)

ਗੁਰੂ ਨਾਨਕ ਦੇਵ ਜੀ ਦਾ ਉੱਤਰ :-

**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥**(ਅੰਗ-੯੪੨)

ਮਨੁੱਖ ਦਾ ਜਾਂ ਸ੍ਰਿਸਟੀ ਦਾ ਅਰੰਭ ਪਉਣ ਹੈ, ਭਾਵ ਸ਼ਬਦ ਹੈ ਅਤੇ ਇਹ ਵੇਲਾ ਸਤਿਗੁਰੂ ਦੀ ਮੱਤ ਲੈਣ ਦਾ ਹੈ। ਜੋ ਸੰਸਾਰ ਦਾ ਮੁੱਢ ਹੈ. ਉਹੋ ਹੀ ਅਸਲ ਵਿਚ (ਸ਼ਬਦ) ਸਾਡਾ ਗੁਰੂ ਹੈ ਅਤੇ ਸਾਡੀ ਸੁਰਤ ਦੀ ਧੁਨ, ਚੇਲਾ (ਸਿੱਖ) ਹੈ।

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥**
**ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥** (ਅੰਗ-੬੩੫)

ਸ਼ਬਦ (ਨਾਮ) ਹੀ ਸਾਡਾ ਗੁਰੂ ਪੀਰ ਹੈ। 'ਸ਼ਬਦ' ਬੇਅੰਤ ਹੀ ਡੂੰਘਾ ਅਤੇ ਸੰਜੀਦਾ ਹਨ। ਗੁਰੂ ਸਾਹਿਬ ਜੀ ਆਖਦੇ ਹਨ ਕਿ ਸ਼ਬਦ ਦਾ ਗਿਆਨ ਲੋਕਾਂ ਨੂੰ ਨਹੀਂ ਹੈ, ਜਿਸ ਕਰਕੇ ਸ਼ਬਦ ਤੋਂ ਬਿਨਾਂ ਸੰਸਾਰ ਪਾਗਲ ਹੋਇਆ ਫਿਰਦਾ ਹੈ।ਪਰ ਜੋ ਆਪਣੇ ਚਿੱਤ ਵਿਚ ਸੱਚ ਨੂੰ ਵਸਾਉਂਦਾ ਹੈ, ਉਹ ਪੂਰਾ ਬੈਰਾਗੀ ਅਤੇ ਸਹਿਜ ਸੁਭਾਅ ਹੀ ਵੱਡੇ ਭਾਗਾਂ ਵਾਲਾ ਹੈ। ਉਸ ਲਈ ਸ਼ਬਦ ਹੀ ਗੁਰੂ ਦਾ ਕੰਮ ਕਰਦਾ ਹੈ :-

**ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥**
**ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥** (ਅੰਗ-੧੩੦)

**(ਬਾਕੀ ਪੰਨਾ 26 ਉੱਤੇ)**

# ਦਇਆ (ਦਯਾ)

ਸ.ਪਰਮਜੀਤ ਸਿੰਘ, ਮੋ : 98760-95689

ਦਇਆ, ਕਰੁਣਾ, ਰਹਿਮ ਸਮਾਨਾਰਥਕ ਸ਼ਬਦ ਹਨ ਜਿਸ ਦਾ ਭਾਵ ਹੈ ਕਿ ਜੀਵਾਂ ਨੂੰ ਦੁੱਖ ਨਹੀਂ ਦੇਣਾ ਸਗੋਂ ਉਨ੍ਹਾਂ ਦੀ ਮਦਦ ਜਾਂ ਸੇਵਾ ਕਰਨੀ। ਗੁਰਬਾਣੀ ਵਿੱਚ ਦਇਆ ਕਰਨ ਲਈ ਅਨੇਕਾਂ ਵਾਰ ਤਾਕੀਦ ਕੀਤੀ ਗਈ ਹੈ। ਦਇਆ ਬਾਰੇ ਜਪੁਜੀ ਸਾਹਿਬ ਦੀ ਸੋਲ੍ਹਵੀ ਪਉੜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ '**ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**' ਜਿਸ ਦਾ ਭਾਵ ਹੈ ਕਿ ਦਇਆ ਤੋਂ ਹੀ ਧਰਮ ਉਤਪੰਨ ਹੁੰਦਾ ਹੈ ਜੇਕਰ ਦਇਆ ਨਹੀਂ ਤਾਂ ਧਰਮੀ ਨਹੀਂ ਹੋਇਆ ਜਾ ਸਕਦਾ ਹੈ। ਲਗਭਗ ਸਾਰੇ ਹੀ ਧਰਮ ਹਿੰਸਾ ਕਰਨ ਤੋਂ ਵਰਜਦੇ ਹਨ। ਜੈਨ ਅਤੇ ਬੁੱਧ ਧਰਮ ਵਿੱਚ ਵੀ ਅਹਿੰਸਾ ਨੂੰ ਪਰਮੋ ਧਰਮ ਕਿਹਾ ਗਿਆ ਹੈ। ਭਾਵ ਦਇਆ ਕਰਨੀ ਹੀ ਸਭ ਤੋਂ ਵੱਡਾ ਧਰਮ ਹੈ। ਇਸ ਵਿਸ਼ੇ ਨੂੰ ਤਿੰਨ ਭਾਗਾਂ ਵਿੱਚ ਵਿਚਾਰ ਕਰਨ ਦਾ ਯਤਨ ਕਰ ਰਹੇ ਹਾਂ।

## (ੳ) ਦਇਆ ਕਰਨੀ :

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ :

*__ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥__ (ਅੰਗ-੩੨੨)

*__ਮਨਿ ਸੰਤੋਖੁ ਸਰਬ ਜੀਅ ਦਇਆ॥ ਇਨ ਬਿਧਿ ਬਰਤੁ ਸੰਪੂਰਨ ਭਇਆ॥__ (ਅੰਗ-੨੯੯)

ਗੁਰੂ ਜੀ ਫੁਰਮਾਉਂਦੇ ਹਨ ਕਿ ਤੂੰ ਕਿਸੇ ਵੀ ਜੀਵ ਨੂੰ ਦੁੱਖ ਨਾ ਦੇਵੀਂ। ਇਸ ਤਰ੍ਹਾਂ ਕਰਨ ਨਾਲ ਇਜ਼ਤ ਨਾਲ ਆਪਣੇ ਅਸਲੀ ਘਰ ਵਿੱਚ ਚਲੇ ਜਾਵੇਂਗਾ ਭਾਵ ਪ੍ਰਭੂ ਦੀ ਹਜੂਰੀ ਵਿੱਚ ਅੱਪੜ ਜਾਵੇਂਗਾ। ਜਿਹੜਾ ਮਨੁੱਖ ਆਪਣੇ ਮਨ ਵਿੱਚ ਸੰਤੋਖ ਧਾਰਦਾ ਹੈ, ਸਭ ਜੀਆਂ ਨਾਲ ਦਇਆ ਅਤੇ ਪਿਆਰ ਵਾਲਾ ਸਲੂਕ ਕਰਦਾ ਹੈ ਅਤੇ ਇਸ ਤਰੀਕੇ ਨਾਲ ਜੀਵਨ ਗੁਜਾਰਦਿਆ ਉਸ ਦਾ ਵਰਤ (ਸੰਜਮ) ਕਾਮਯਾਬ ਹੋ ਜਾਂਦਾ ਹੈ।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਦਇਆ ਨੂੰ ਧਰਮ ਦਾ ਮੂਲ ਦੱਸਿਆ ਹੈ। ਇਸੇ ਸੰਬੰਧ ਵਿੱਚ ਉਨ੍ਹਾਂ ਨੇ ਹੋਰ ਫੁਰਮਾਇਆ ਹੈ ਕਿ :

*__ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥__ (ਅੰਗ-੪੬੮)

*__ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥__ (ਅੰਗ-੧੧੯੮)

*__ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥__

*__ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥__ (ਅੰਗ-੯੪੦)

ਗੁਰੂ ਜੀ ਵਲੋਂ ਦੱਸੀ ਸੱਚੀ ਸਿੱਖਿਆ ਉੱਤੇ ਚੱਲ ਕੇ ਸਭ ਜੀਵਾਂ ਉੱਤੇ ਤਰਸ ਕਰਨ ਦੀ ਜੀਵਨ-ਜਾਂਚ ਸਿੱਖਣੀ ਚਾਹੀਦੀ ਹੈ ਅਤੇ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ। ਜਿਸ ਦਾ ਮਨ ਇਹ ਮੰਨ ਜਾਂਦਾ ਹੈ ਕਿ ਪ੍ਰਭੂ ਸਦਾ ਮੇਰੇ ਅੰਗ ਸੰਗ ਹੈ ਉਸ ਨੂੰ ਹੰਕਾਰ ਨਹੀਂ ਰਹਿੰਦਾ, ਉਹ ਨਿਰਦਇਤਾ ਤੇ ਲਾਲਚ ਨੂੰ ਆਪਣੇ ਅੰਦਰੋਂ ਭੁਲਾ ਦਿੰਦਾ ਹੈ। ਜੋ ਮਨੁੱਖ ਜੀਉਂਦਾ ਹੀ ਮਰਦਾ ਹੈ ਭਾਵ ਹਉਮੈ ਦਾ ਤਿਆਗ ਕਰਦਾ ਹੈ, ਸੁਆਰਥ ਮਿਟਾਂਦਾ ਹੈ, ਉਸ ਨੂੰ ਜਿੰਦਗੀ ਦੇ ਹਰੇਕ ਪਹਿਲੂ ਦੀ ਸਮਝ ਆ ਜਾਂਦੀ ਹੈ। ਉਹ ਮਨੁੱਖ ਸਾਰੇ ਜੀਵਾਂ ਉੱਤੇ ਦਇਆ ਕਰਨ ਦਾ ਅਸੂਲ ਆਪਣੇ ਮਨ ਵਿੱਚ ਪੱਕਾ ਕਰ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਸੇ ਮਨੁੱਖ ਨੂੰ ਇਜ਼ਤ ਮਿਲਦੀ ਹੈ, ਜੋ ਸਾਰੇ ਜੀਵਾਂ ਵਿੱਚ ਆਪਣੇ ਆਪ ਨੂੰ ਦੇਖਦਾ ਹੈ ਭਾਵ, ਉਹ ਉਸੇ ਜੋਤ ਨੂੰ ਸਭ ਵਿੱਚ ਦੇਖਦਾ ਹੈ, ਜੋ ਉਸ ਦੇ ਆਪਣੇ ਅੰਦਰ ਹੈ।

ਇਸੇ ਤਰ੍ਹਾਂ ਭਗਤ ਕਬੀਰ ਜੀ ਵੀ ਫੁਰਮਾਉਂਦੇ ਹਨ :

**ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥**
**ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥** (ਅੰਗ-੯੭੧)

ਕਬੀਰ ਜੀ ਆਪਣੇ ਆਪ ਉਪਰ ਢੁਕਾ ਕੇ ਆਖਦੇ ਹਨ ਕਿ ਮੇਰੇ ਪੱਲੇ ਮਨ ਵਿੱਚ ਕਾਮ, ਕ੍ਰੋਧ, ਮਾਇਆ ਦਾ ਮੋਹ, ਹੰਕਾਰ, ਈਰਖਾ ਬਸ ਇਹ ਹੀ ਧਨ ਹੈ। ਦਇਆ, ਧਰਮ, ਸਤਿਗੁਰੂ ਦੀ ਸੇਵਾ ਇਨ੍ਹਾਂ ਦਾ ਖਿਆਲ ਕਦੇ ਸੁਪਨੇ ਵਿੱਚ ਵੀ ਨਹੀਂ ਆਇਆ। ਭਾਵ ਦਇਆ, ਧਰਮ, ਸਤਿਗੁਰੂ ਦੀ ਸੇਵਾ ਜੀਵਨ ਦੀ ਪਰਮ ਪਦਵੀ ਅਤੇ ਮੁਕਤੀ ਲਈ ਜ਼ਰੂਰੀ ਹੈ, ਜਿਨ੍ਹਾਂ ਤੋਂ ਵਾਂਝੇ ਹਾਂ।

ਗੁਰੂ ਅਰਜਨ ਦੇਵ ਜੀ ਬਾਰਹ ਮਾਹ ਦੇ ਅੰਦਰ ਸਪਸ਼ਟ ਕਰਦੇ ਹਨ :

**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥**
**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥** (ਅੰਗ-੧੩੬)

ਆਤਮਿਕ ਇਸਨਾਨ ਅਤੇ ਜੀਵਾਂ ਉੱਤੇ ਦਇਆ ਕਰਨ ਵਾਲਾ ਦਾਨ ਉਸੇ ਮਨੁੱਖ ਨੂੰ ਮਿਲਦਾ ਹੈ ਜਿਸ ਉੱਤੇ ਪ੍ਰਭੂ ਆਪਣੀ ਕ੍ਰਿਪਾ ਆਪ ਕਰਦੇ ਹਨ। ਜਿਸ ਮਨੁੱਖ ਨੂੰ ਇਹ ਦਾਤ ਬਖਸ਼ ਦੇਵੇ ਉਹ ਪੁਰਖ ਹੀ ਸੁਜਾਨ/ਸਿਆਣਾ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਅੰਦਰ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

**ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥**
**ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥** (ਅੰਗ-੪੬੮)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੋਰ ਫੁਰਮਾਨ ਹੈ :

**ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥**

**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥**
**ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥**
**ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥** (ਅੰਗ-੧੨੪੫)

ਸੱਚ ਦੀ ਪਰਖ ਉਦੋਂ ਹੁੰਦੀ ਹੈ ਜਦੋਂ ਸੱਚੀ ਸਿੱਖਿਆ ਗੁਰੂ ਪਾਸੋਂ ਲਈ ਜਾਵੇ ਅਤੇ ਉਸ ਸਿੱਖਿਆ ਉੱਤੇ ਚੱਲ ਕੇ ਸਭ ਜੀਵਾਂ ਉੱਤੇ ਤਰਸ ਕਰਨ ਦੀ ਜਾਚ ਸਿੱਖੀ ਜਾਵੇ ਅਤੇ ਲੋੜਵੰਦਾਂ ਨੂੰ ਕੁਝ ਦਾਨ ਪੁੰਨ ਵੀ ਕਰੇ। ਜਿਨ੍ਹਾਂ ਮਨੁੱਖਾ ਨੇ ਸੱਚ ਨੂੰ ਵਰਤ ਬਣਾਇਆ ਭਾਵ ਸੱਚ ਧਾਰਨ ਕਰਨ ਦਾ ਪ੍ਰਣ ਲਿਆ ਹੈ, ਸੰਤੋਖ ਜਿਨ੍ਹਾਂ ਦਾ ਤੀਰਥ ਹੈ, ਜੀਵਨ ਮਨੋਰਥ ਦੀ ਸਮਝ ਅਤੇ ਪ੍ਰਭੂ ਚਰਨਾਂ ਵਿੱਚ ਚਿੱਤ ਜੋੜਨ ਨੂੰ ਜਿਨ੍ਹਾਂ ਨੇ ਤੀਰਥਾਂ ਦਾ ਇਸ਼ਨਾਨ ਸਮਝਿਆ ਹੈ, ਦਇਆ ਜਿਨ੍ਹਾਂ ਦਾ ਇਸ਼ਟਦੇਵ ਹੈ, ਦੂਜਿਆਂ ਨੂੰ ਮੁਆਫ ਕਰਨਾ ਜਿਨ੍ਹਾਂ ਦੀ ਮਾਲਾ ਹੈ, ਸੁਚੱਜਾ ਜੀਵਨ ਜੀਉਣ ਦੀ ਜਾਚ ਜਿਨ੍ਹਾਂ ਦੀ ਦੇਵ ਪੂਜਾ ਵੇਲੇ ਪਹਿਨਣ ਵਾਲੀ ਧੋਤੀ ਹੈ, ਸੁਰਤ ਨੂੰ ਪਵਿੱਤਰ ਰੱਖਣਾ ਜਿਨ੍ਹਾਂ ਦਾ ਸੁੱਚਾ ਚੌਂਕਾ ਹੈ, ਉੱਚੇ ਆਚਰਣ ਦਾ ਜਿਨ੍ਹਾਂ ਨੇ ਮੱਥੇ ਉੱਤੇ ਤਿਲਕ ਲਾਇਆ ਹੋਇਆ ਹੈ, ਪ੍ਰੇਮ ਜਿਨ੍ਹਾਂ ਦੀ ਆਤਮਾ ਦੀ ਖੁਰਾਕ ਹੈ, ਅਹਿਜੇ ਮਨੁੱਖਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਚੰਗੇ ਮਨੁੱਖ ਮੰਨਦੇ ਹਨ। ਪਰ ਇਹੋ ਜਿਹਾ ਮਨੁੱਖ ਕੋਈ ਵਿਰਲਾ ਹੀ ਹੁੰਦਾ ਹੈ।

ਕਬੀਰ ਜੀ ਆਸਾ ਰਾਗ ਵਿੱਚ ਫੁਰਮਾਉਂਦੇ ਹਨ :

**ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ ॥**
**ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥੩॥** (ਅੰਗ-੪੭੭)

ਅਸਲ ਯੋਗੀ ਉਹ ਹੈ ਜੋ ਆਪਣੇ ਸਰੀਰ ਦੀ ਧੂਣੀ ਬਣਾ ਕੇ ਉਸ ਵਿੱਚ ਪ੍ਰਭੂ ਨੂੰ ਹਰ ਥਾਂ ਦੇਖਣ ਵਾਲੀ ਨਜ਼ਰ ਦੀ ਅੱਗ ਬਾਲਦਾ ਹੈ ਅਤੇ ਇਸ ਸਰੀਰ ਰੂਪੀ ਧੂਏਂ ਵਿੱਚ ਭਲੇ ਗੁਣ ਇੱਕਠੇ ਕਰਨ ਲਈ ਦਇਆ ਨੂੰ ਫੌਹੜੀ ਬਣਾਉਂਦਾ ਹੈ। ਭਾਵ ਜੋ ਅਪਣੀ ਹਉਮੈ ਮਾਰਕੇ ਆਪਣੀ ਨਜ਼ਰ ਨੂੰ ਵਿਕਾਰਾਂ ਵਲੋਂ ਹਟਾ ਕੇ ਦਇਆ ਰੂਪੀ ਗੁਣ ਇਕੱਠੇ ਕਰਦਾ ਹੈ, ਉਹ ਹੀ ਸੱਚਾ ਯੋਗੀ ਹੈ। ਉਸ ਪਰਮਾਤਮਾ ਦਾ ਪਿਆਰ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ ਤੇ ਇਸ ਤਰ੍ਹਾਂ ਸਦਾ ਲਈ ਆਪਣੀ ਸੁਰਤ ਪ੍ਰਭੂ ਚਰਨਾਂ ਵਿੱਚ ਜੋੜੀ ਰੱਖਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਇਆ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਸਾਰੇ ਗੁਰੂ ਸਾਹਿਬਾਨ ਨੇ ਵੀ ਦੁਖੀਆਂ ਦੇ ਦੁੱਖ ਦੂਰ ਕਰਨ ਵਿੱਚ ਆਪਣਾ ਸਾਰਾ ਜੀਵਨ ਲਗਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੂੰ ਜੋ ਵੀ ਯੁੱਧ ਲੜਨੇ ਪਏ ਉਹ ਦੁੱਖੀਆਂ ਦਾ ਦੁੱਖ ਦੂਰ ਕਰਨ ਲਈ ਹੀ ਸਨ, ਕਿਉਂਕਿ ਉਸ ਸਮੇਂ ਦੇ ਰਾਜੇ ਜਨਤਾ ਉੱਤੇ ਜ਼ੁਲਮ ਕਰਦੇ ਸਨ। ਗੁਰੂਆਂ ਦਾ ਮਕਸਦ ਕੇਵਲ ਇਹ ਹੀ ਸੀ ਕਿ ਮਨੁੱਖ ਵਿੱਚੋਂ ਬੁਰਾਈ ਨੂੰ ਕੱਢਣਾ ਅਤੇ ਉਸ ਨੂੰ ਜੁਲਮੀ

ਹੋਣ ਤੋਂ ਰੋਕਣਾ। ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਕੌਡੇ ਰਾਖਸ਼, ਸੱਜਣ ਠੱਗ ਵਰਗਿਆਂ ਵਿੱਚੋਂ ਬੁਰਾਈਆਂ ਨੂੰ ਮਾਰ ਕੇ ਉਨ੍ਹਾਂ ਨੂੰ ਦਇਆ ਧਰਮ ਦੇ ਰਾਹ ਉੱਤੇ ਚੱਲਣ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਅਨੇਕਾਂ ਜੀਵਾਂ ਦੇ ਜੀਵਨ ਦਾ ਸੁਧਾਰ ਕੀਤਾ। ਸਾਨੂੰ ਵੀ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਉੱਤੇ ਚੱਲ ਕੇ ਜੀਵਨ ਵਿੱਚ ਦਇਆ ਨੂੰ ਧਾਰਨਾ ਚਾਹੀਦਾ ਹੈ।

## (ਅ) ਦਇਆ-ਹੀਣ ਜੀਵ

ਗੁਰਬਾਣੀ ਵਿੱਚ ਅਜਿਹੇ ਮਨੁੱਖਾਂ ਨੂੰ ਵੀ ਸੁਚੇਤ ਕੀਤਾ ਗਿਆ ਹੈ ਜੋ ਦਇਆ ਨਹੀਂ ਕਰਦੇ ਸਗੋਂ ਜੀਵਾਂ ਉੱਤੇ ਜੁਲਮ ਕਰਦੇ ਹਨ, ਲਭ-ਲੋਭ ਦੇ ਅਧੀਨ ਪਾਪ ਕਰਕੇ ਕਮਾਈ ਕਰਦੇ ਹਨ। ਇਸ ਬਾਰੇ ਭਗਤ ਕਬੀਰ ਜੀ ਨੇ ਇਸ ਤਰ੍ਹਾਂ ਫਰਮਾਇਆ ਹੈ:

**ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥**
**ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥** (ਅੰਗ-੧੩੭੫)
**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥**
**ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥** (ਅੰਗ-੧੩੭੨)

ਕਬੀਰ ਜੀ ਸਮਝਾਉਂਦੇ ਹਨ ਜੋ ਵੀ ਮਨੁੱਖ ਕਿਸੇ ਨਾਲ ਧੱਕਾ ਕਰਦਾ ਹੈ, ਜ਼ੁਲਮ ਕਰਦਾ ਹੈ ਉਸ ਜੁਲਮ ਦਾ ਲੇਖਾ ਖੁਦਾ ਦੀ ਦਰਗਾਹ ਵਿੱਚ ਦੇਣਾ ਪਵੇਗਾ ਅਤੇ ਜਿਸ ਕਿਸੇ ਮਨੁੱਖ ਦੀ ਵੀ ਮਾੜੇ ਕਰਮਾਂ ਦੇ ਲੇਖੇ ਦੀ ਬਾਕੀ ਨਿਕਲਦੀ ਹੈ ਉਸ ਨੂੰ ਬੜੀ ਵੱਡੀ ਸਜ਼ਾ ਭੁਗਤਨੀ ਪੈਂਦੀ ਹੈ। ਜਿਥੇ ਅਧਿਆਤਿਮਕ ਗਿਆਨ ਹੈ ਉਥੇ ਧਰਮ ਹੈ। ਜਿਥੇ ਝੂਠ ਹੈ ਉਥੇ ਪਾਪ ਹੈ। ਇਸੇ ਤਰ੍ਹਾਂ ਜਿਥੇ ਲੋਭ ਦਾ ਜੋਰ ਹੈ ਉਥੇ ਧਰਮ ਦੀ ਥਾਂ ਤੇ ਮਹਾਂਕਾਲ ਅਤੇ ਅਧਿਆਤਮਿਕ ਮੌਤ ਵੀ ਹੈ। ਪ੍ਰੰਤੂ ਜਿਸ ਦੇ ਹਿਰਦੇ ਵਿੱਚ ਖਿਮਾ ਹੈ ਉਥੇ ਪ੍ਰਮਾਤਮਾ ਦਾ ਹੀ ਵਾਸਾ ਹੈ। ਬਾਬਾ ਫਰੀਦ ਜੀ ਵੀ ਆਪਣੀ ਬਾਣੀ ਵਿੱਚ ਉਚਾਰਣ ਕਰਦੇ ਹਨ : "**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥**" (ਅੰਗ-੧੩੮੪) ਭਾਵ ਕਿ ਸਾਰੇ ਜੀਵਾਂ ਦੇ ਮਨ ਮੋਤੀਆਂ ਸਮਾਨ ਹਨ। ਕਿਸੇ ਦੇ ਵੀ ਮਨ ਨੂੰ ਦੁਖਾਉਣਾ ਉਕਾ ਹੀ ਚੰਗਾ ਨਹੀਂ। ਜੇ ਕਰ ਤੈਨੂੰ ਪ੍ਰਭੂ ਪਿਆਰੇ ਨੂੰ ਮਿਲਨ ਦੀ ਤਾਂਘ ਹੈ ਤਾਂ ਕਿਸੇ ਦਾ ਦਿਲ ਬਿਲਕੁਲ ਨਾ ਦੁਖਾ/ਢਾਹ।

ਜਦੋਂ ਪ੍ਰਭੂ ਦੀ ਜੋਤਿ ਵਿੱਚ ਆਪਣੀ ਜਿੰਦ ਰਲਾ ਦੇਈਏ, ਭਾਵ ਉਸ ਵਿੱਚ ਆਪਣੀ ਸੁਰਤ ਦਾ ਮੇਲ ਕਰ ਲਈਏ ਤਾਂ ਨਿਰਦਾਇਤਾ ਅਤੇ ਹਉਮੈ ਦੂਰ ਹੋ ਜਾਂਦੀ ਹੈ ਅਤੇ ਕੋਈ ਸਹਿਮ ਤੇ ਚਿੰਤਾ ਵੀ ਨਹੀਂ ਰਹਿ ਜਾਂਦੀ। ਜਿਹੜਾ ਮਨੁੱਖ ਇੱਕ ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿੱਚ ਵਸਾਉਂਦਾ ਹੈ ਉਸ ਦੇ ਅੰਦਰੋਂ ਨਿਰਦਾਇਤਾ, ਮਾਇਆ ਦੀ ਅਪਣੱਤ ਅਤੇ ਮਾਇਆ ਦਾ ਮੋਹ ਦੂਰ ਹੋ ਜਾਂਦਾ ਹੈ। ਇਸ ਪ੍ਰਥਾਇ ਬਾਣੀ ਦਾ ਫੁਰਮਾਨ ਹੈ :

**ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥**
**ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥**
**ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥** (ਅੰਗ-੨੧)
**ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥** (ਅੰਗ-੮੪੦)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਿਰਦਾ ਜਾਬਰ ਬਾਬਰ ਵਲੋਂ ਮਜਲੂਮ ਜਨਤਾ ਉੱਤੇ ਕੀਤੇ ਜੁਲਮਾਂ ਨੂੰ ਦੇਖ ਕੇ ਕੁਰਲਾ ਉੱਠਿਆ ਅਤੇ ਉਨ੍ਹਾਂ ਪਰਮੇਸ਼੍ਵਰ ਪਾਸੋਂ ਇਨ੍ਹਾਂ ਜੀਵਾਂ ਉੱਤੇ ਦਇਆ ਕਰਨ ਲਈ ਕਿਹਾ। ਆਪ ਪੁਕਾਰਦੇ ਹਨ :

**ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੰੀ ਮੁਇਆ ਸਾਰ ਨ ਕਾਈ ॥** (ਅੰਗ-੩੬੦)

ਹੇ ਕਰਤਾਰ ! ਤੂੰ ਸਭਨਾਂ ਹੀ ਜੀਵਾਂ ਦੀ ਸਾਰ ਰੱਖਣ ਵਾਲਾ ਹੈਂ। ਜੇ ਕੋਈ ਜੋਰਾਵਰ, ਜੋਰਾਵਰ ਨੂੰ ਮਾਰ ਕੁਟਾਈ ਕਰੇ ਤਾਂ ਵੇਖਣ ਵਾਲਿਆਂ ਦੇ ਮਨ ਵਿੱਚ ਗੁੱਸਾ ਗਿਲ੍ਹਾ ਨਹੀਂ ਹੁੰਦਾ ਕਿਉਂਕਿ ਦੋਵੇ ਧਿਰਾਂ ਇੱਕ ਦੂਜੇ ਨੂੰ ਕਰਾਰੇ ਹੱਥ ਵਿਖਾ ਲੈਂਦੇ ਹਨ। ਪਰ ਜੇ ਕੋਈ ਸ਼ੇਰ ਵਰਗਾ ਜੋਰਾਵਰ ਗਾਈਆਂ ਦੇ ਵੱਗ ਵਰਗੇ ਕਮਜ਼ੋਰ ਨਿਹੱਥਿਆਂ ਉੱਤੇ ਹੱਲਾ ਕਰਕੇ ਮਾਰਨ ਨੂੰ ਆ ਪਏ, ਤਾਂ ਇਸ ਦੀ ਪੁੱਛ ਵੱਗ ਦੇ ਖਸਮ ਤੋਂ ਹੀ ਹੁੰਦੀ ਹੈ। ਜ਼ਾਲਮ ਕੁੱਤਿਆਂ ਵਰਗੇ ਬੰਦਿਆਂ ਨੇ ਰਤਨਾ ਵਰਗੇ ਇਸਤਰੀ-ਪੁਰਖਾਂ ਨੂੰ ਵਿਗਾੜ ਕੇ ਨਾਸ ਕਰ ਦਿੱਤਾ ਹੈ ਅਤੇ ਉਨ੍ਹਾਂ ਮਰੇ ਪਿਆਂ ਦੀ ਕੋਈ ਸਾਰ ਵੀ ਨਹੀਂ ਲੈਂਦਾ ਹੈ।

## (ੲ) ਦਇਆ ਜਾਚਨਾ

ਦਇਆ ਦੀ ਜਾਚਨਾ ਕਰਨਾ ਦਇਆ ਦਾ ਤੀਜਾ ਪੱਖ ਹੈ।

ਅਸੀਂ ਭਾਵੇ ਕਿੰਨੇ ਹੀ ਕਰਮ ਕਰ ਲਈਏ ਪਰ ਪ੍ਰਭੂ ਦੀ ਦਯਾ/ਰਹਿਮ/ਕ੍ਰਿਪਾ ਦ੍ਰਿਸ਼ਟੀ ਤੋਂ ਬਿਨਾ ਕਲਿਆਣ ਨਹੀਂ ਹੋ ਸਕਦਾ। ਇਸ ਲਈ ਅਸੀਂ ਆਪ ਵੀ ਪ੍ਰਭੂ-ਪਰਮਾਤਮਾ ਦੀ ਦਇਆ ਦੇ ਪਾਤਰ ਬਣਨਾ ਹੈ ਤਾਂ ਜੋ ਸਾਡਾ ਕਲਿਆਣ ਹੋ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਮਾਤਮਾ ਦੀ ਦਇਆ ਲੈਣ ਬਾਰੇ ਅਤੇ ਉਸ ਵੱਲੋਂ ਕੀਤੀ ਜਾਣ ਵਾਲੀ ਦਇਆ ਬਾਰੇ ਬਹੁਤ ਸਾਰੇ ਸ਼ਬਦ ਉਚਾਰਣ ਕੀਤੇ ਗਏ ਹਨ। ਜਿਨ੍ਹਾਂ ਵਿਚੋਂ ਕੁਝ ਕੁ ਹੇਠ ਲਿਖੇ ਅਨੁਸਾਰ ਹਨ :

**ਤੁਮ੍ ਕਰਹੁ ਦਇਆ ਮੇਰੇ ਸਾਈ ॥**
**ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥੧॥** (ਅੰਗ-੬੭੩)

ਹੇ ਮੇਰੇ ਮਾਲਕ-ਪ੍ਰਭੂ ਮੇਰੇ ਉੱਤੇ ਦਇਆ ਕਰਕੇ ਮੈਨੂੰ ਅਜਿਹੀ ਅਕਲ ਬਖਸ਼ੋ ਕਿ ਮੈ

ਸਦਾ ਹੀ ਤੇਰਾ ਨਾਮ ਸਿਮਰਦਾ ਰਹਾਂ।

**ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥੨੯॥**
**ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥੩੦॥**(ਅੰਗ-੭੫੮)

ਭਾਵੇਂ ਮੈਂ ਗੁਰੂ ਨੂੰ ਪ੍ਰਸੰਨ ਕਰਨ ਲਈ ਅਨੇਕਾਂ ਹੀ ਯਤਨ ਕਰਦਾ ਰਹਾਂ ਪਰ ਕੇਵਲ ਉਹੀ ਯਤਨ ਕਬੂਲ ਸਮਝਿਆ ਜਾਵੇਗਾ ਜਿਹੜਾ ਗੁਰੂ ਦੇ ਮਨ ਨੂੰ ਭਾਉਂਦਾ ਹੈ। ਹੇ ਮੇਰੇ ਖਸਮ-ਪ੍ਰਭੂ ਮੇਰੇ ਉੱਤੇ ਮੇਹਰ ਕਰ ਕਿ ਮੈਂ ਦਿਨ ਰਾਤ ਹਰ ਵੇਲੇ ਗੁਰੂ ਦੇ ਚਰਨਾਂ ਦਾ ਧਿਆਨ ਕਰਦਾ ਰਹਾਂ ।

**ਜਾ ਕਉ ਦਇਆ ਕਰਹੁ ਮੇਰੇ ਸੁਆਮੀ ॥**
**ਕਹੁ ਨਾਨਕ ਨਾਹੀ ਤਿਨ ਕਾਮੀ ॥੪॥** (ਅੰਗ-੩੯੦)

**ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞ ॥**
**ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮ੍ ਦੀਨ ਦਇਆਲ ਦੁਖ ਭੰਞ॥**(ਅੰਗ-੧੧੭੯)

**ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥**
**ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ ॥੪॥**
(ਅੰਗ-੧੭੦)

ਹੇ ਨਾਨਕ ! ਆਖ-ਹੇ ਮੇਰੇ ਸੁਆਮੀ ਜਿਨ੍ਹਾਂ ਮਨੁੱਖਾਂ ਉੱਤੇ ਤੂੰ ਦਇਆ ਕਰਦਾ ਹੈ ਉਨ੍ਹਾਂ ਨੂੰ ਕਿਸੇ ਗੱਲੋਂ ਕੋਈ ਥੋੜ੍ਹ ਨਹੀਂ ਰਹਿੰਦੀ। ਹੇ ਪ੍ਰਭੂ ਆਪਣੀ ਦਇਆ ਕਰਕੇ ਮੈਨੂੰ ਗੁਰੂ ਦੀ ਸਤਿਸੰਗਤ ਵਿੱਚ ਮਿਲਾਈ ਰੱਖ ਤਾਂ ਜੋ ਮੈਂ ਗੁਰੂ ਦੀ ਸ਼ਰਨ ਸਦਾ ਪਿਆ ਰਹਾਂ। ਅਸੀਂ ਪਾਪਾਂ ਨਾਲ ਭਾਰੇ ਪੱਥਰ ਹੋਏ ਜੀਵਾਂ ਨੂੰ ਪਾਪਾਂ ਵਿੱਚ ਡੁਬਦਿਆ ਨੂੰ ਕੱਢ ਲੈ। ਤੁਸੀਂ ਦੀਨਾਂ ਉੱਤੇ ਦਇਆ ਕਰਨ ਵਾਲੇ ਹੋ ਅਤੇ ਸਾਡੇ ਦੁੱਖ ਦੂਰ ਕਰਨ ਵਾਲੇ ਹੋ। ਜਿਨ੍ਹਾਂ ਮਨੁੱਖਾਂ ਨੂੰ ਤੁਸੀਂ ਰਹਿਮ ਕਰਕੇ ਗੁਰੂ ਚਰਨਾਂ ਨਾਲ ਮਿਲਾਇਆ ਹੈ ਉਹ ਹੀ ਤੇਰੀ ਸੇਵਾ ਭਗਤੀ ਵਿੱਚ ਲੱਗਦੇ ਹਨ ਅਤੇ ਉਹ ਪਰਮਾਤਮਾ ਦਾ ਨਾਮ ਜਪ ਜਪ ਕੇ ਪ੍ਰਗਟ ਹੋ ਜਾਂਦੇ ਹਨ ਕਿਉਂਕਿ ਉਹ ਗੁਰੂ ਦੀ ਮੱਤ ਉੱਤੇ ਚੱਲ ਕੇ ਪ੍ਰਭੂ ਦੇ ਨਾਮ ਵਿੱਚ ਲੀਨ ਰਹਿੰਦੇ ਹਨ।

**ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥**
**ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥੪॥** (ਅੰਗ-੧੬੩)

**ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ**
**ਕਢਿ ਲੇਵਹੁ ਸਬਦਿ ਸੁਭਾਇ ਜੀਉ ॥** (ਅੰਗ-੪੪੬)

**ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਣੇਰੀ॥**(ਅੰਗ-੧੭੦)

ਹੇ ਹਰੀ ! ਹੇ ਪ੍ਰਭੂ ! ਮਿਹਰ ਕਰਕੇ ਮੇਰੀ ਬੇਨਤੀ ਸੁਣੋ ਅਤੇ ਮੈਨੂੰ ਅਪਣੇ ਨਾਮ ਦਾ

ਸਿਮਰਨ ਬਖਸ਼ੋ। ਤੇਰਾ ਦਾਸ ਨਾਨਕ ਤੇਰੇ ਦਰ ਤੋਂ ਉਨ੍ਹਾਂ ਮਨੁੱਖਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜਿਨ੍ਹਾਂ ਨੂੰ ਤੇਰੀ ਮਿਹਰ ਨਾਲ ਗੁਰੂ ਮਿਲ ਪਿਆ ਹੈ।

ਇਸੇ ਤਰ੍ਹਾਂ ਅੱਗੇ ਕ੍ਰਿਪਾ ਕਰਦੇ ਹਨ ਕਿ ਹੇ ਪ੍ਰਭੂ ਮੇਹਰ ਕਰਕੇ ਸਾਨੂੰ ਕਠੋਰ ਦਿਲਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲਉ ਅਤੇ ਗੁਰੂ ਦੇ ਸ਼ਬਦ ਨਾਲ ਜੋੜ ਕੇ ਆਪਣੇ ਪ੍ਰੇਮ ਨਾਲ ਦੁਨਿਆਵੀ ਮੋਹ ਦੇ ਚਿਕੜ ਵਿਚੋਂ ਬਾਹਰ ਕੱਢ ਲਉ ਅਤੇ ਮੇਰੇ ਮਨ-ਤਨ ਵਿੱਚ ਆਪਣੀ ਸਿਫਤ ਸਾਲਾਹ ਦੀ ਬਾਣੀ ਰੱਖ ਦਿਓ। ਇਸੇ ਤਰ੍ਹਾਂ ਅੱਗੇ ਬੇਨਤੀ ਕਰਦੇ ਹਨ ਕਿ ਮੇਰੇ ਉੱਤੇ ਮੇਹਰ ਕਰਕੇ ਮੈਨੂੰ ਆਪਣੇ ਦਰਸ਼ਨ ਦਿਓ ਕਿਉਂਕਿ ਤੁਹਾਡੇ ਦਰਸ਼ਨਾਂ ਦੀ ਮੇਰੇ ਹਿਰਦੇ ਵਿੱਚ ਬਹੁਤ ਤਾਂਘ ਹੈ।

**ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥**
**ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ ॥**
(ਅੰਗ-੧੭੦)

**ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥** (ਅੰਗ-੭੫੮)

**ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥**
**ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥੧॥** (ਅੰਗ-੭੦੯)

ਗੁਰੂ ਜੀ ਪ੍ਰਭੂ ਅੱਗੇ ਬੇਨਤੀ ਕਰਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਤੂੰ ਦਇਆ ਕਰਕੇ ਗੁਰੂ ਚਰਨਾਂ ਨਾਲ ਮਿਲਾਉਂਦਾ ਹੈਂ ਉਹ ਤੇਰੀ ਸੇਵਾ ਭਾਵਨਾ ਵਿੱਚ ਲੱਗੇ ਰਹਿੰਦੇ ਹਨ। ਇਸ ਲਈ ਉਹ ਦਇਆ ਦੀ ਜਾਚਨਾ ਕਰਦੇ ਹੋਏ ਬੇਨਤੀ ਕਰਦੇ ਹਨ ਕਿ ਮੈਂ ਦਿਨ ਰਾਤ ਹਰ ਵੇਲੇ ਗੁਰੂ ਦੇ ਚਰਨਾਂ ਦਾ ਧਿਆਨ ਕਰਦਾ ਰਹਾਂ। ਜੇਕਰ ਮਨੁੱਖ ਉਸ ਦਇਆਲ ਸਰਬ ਵਿਆਪੀ ਭਗਵਾਨ ਦਾ ਨਾਮ ਉਚਾਰੇ ਅਤੇ ਨਾਮ ਦੀ ਵਡਿਆਈ ਕਰੇ ਤਾਂ ਪ੍ਰਭੂ ਮੇਹਰ ਕਰਕੇ ਉਸ ਦੇ ਦੁੱਖਾਂ ਦਾ ਨਾਸ਼ ਕਰ ਦਿੰਦਾ ਹੈ ਅਤੇ ਉਹ ਮਨੁੱਖ ਮਾਇਆ ਦੇ ਮੋਹ ਵਿੱਚ ਨਹੀਂ ਫਸਦਾ।

ਲੇਖ ਦਾ ਸਮੁੱਚਾ ਸਾਰ ਇਹ ਹੈ ਕਿ ਸਾਨੂੰ ਸਦਾ ਪਰਮਾਤਮਾ ਦੇ ਪੈਦਾ ਕੀਤੇ ਜੀਵਾਂ ਉੱਪਰ ਦਇਆ ਕਰਨੀ ਚਾਹੀਦੀ ਹੈ ਕਿਉਂਕਿ ਸਭਨਾਂ ਵਿੱਚ ਉਸ ਦਾ ਵਾਸਾ ਹੈ। ਦਇਆ ਹੀਣ ਪ੍ਰਾਣੀ ਨੂੰ ਤਾਂ ਰੱਬ ਦੀ ਦਰਗਾਹ ਵਿੱਚ ਵੀ ਢੋਈ ਨਹੀਂ ਮਿਲਦੀ। ਇਸ ਦੇ ਇਲਾਵਾ ਸਾਨੂੰ ਸਦਾ ਪਰਮੇਸ਼੍ਵਰ ਪਾਸੋਂ ਆਪਣੇ ਆਤਮਿਕ ਜੀਵਨ ਦੇ ਸੁਧਾਰ ਲਈ ਰਹਿਮ, ਦਇਆ ਦੀ ਭੀਖ ਮੰਗਣੀ ਚਾਹੀਦੀ ਹੈ।

-੦-੦-੦-

# ਸ਼ਬਦ-ਗੁਰੂ (ਪੰਨਾ 18 ਦਾ ਬਾਕੀ)

(ਪੰਨਾ 18 ਦਾ ਬਾਕੀ)

ਸਾਰਿਆਂ ਹਿਰਦਿਆਂ ਵਿੱਚ ਪ੍ਰਭੂ ਜੋ ਲੱਖਤਾ ਤੋ ਰਹਿਤ ਹੈ, ਵਸਦਾ ਹੈ। ਪਰ ਉਸ ਨੂੰ ਕੋਈ ਲੱਖਤਾ ਵਿੱਚ ਨਹੀਂ ਲਿਆ ਸਕਦਾ। ਉਸ ਨੂੰ ਕੋਈ ਸਮਝ ਨਹੀਂ ਸਕਦਾ ਅਤੇ ਕੋਈ ਉਸਦਾ ਭੇਦ ਨਹੀਂ ਪਾ ਸਕਦਾ। ਉਸ ਨੇ ਆਪਣਾ ਨਾਮ (ਸ਼ਬਦ) ਰੂਪੀ ਰਤਨ ਵੀ ਅੰਦਰ ਲੁਕਾ ਕੇ ਰਖਿਆ ਹੋਇਆ ਹੈ। ਬੇਸ਼ਕ ਪ੍ਰਭੂ ਸਭ ਤੋਂ ਉਚਾ ਹੈ, ਪਹੁੰਚ ਤੋਂ ਪਰੇ ਹੈ, ਦ੍ਰਿਸ਼ਟੀਮਾਨ ਨਹੀਂ ਪਰ ਗੁਰੂ ਸ਼ਬਦ ਦੀ ਕਮਾਈ ਦੁਆਰਾ ਉਸਨੂੰ ਵੇਖਿਆ ਜਾ ਸਕਦਾ ਹੈ।

**ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥** (ਅੰਗ-੧੨੭੯)

ਪ੍ਰਮਾਤਮਾ ਨੇ ਆਪਣੇ ਆਪ ਨੂੰ ਆਪ ਹੀ ਸਾਜ ਕੇ, ਆਪਣੀ ਪਛਾਣ ਵੀ ਫੇਰ ਆਪ ਹੀ ਕੀਤੀ। ਧਰਤੀ ਅਤੇ ਆਕਾਸ਼ ਆਪਣੇ ਵਿਚੋਂ ਕੱਢੇ ਅਤੇ ਆਕਾਸ਼ ਦਾ ਚੰਦੋਆ ਬਣਾ ਅਸਮਾਨ ਬਿਨਾਂ ਥੰਮਿਆਂ ਤੋਂ ਟਿਕਾਇਆ ਹੋਇਆ ਹੈ। ਅਸਮਾਨ ਨੂੰ ਖੰਭੇ, ਥੰਮ, (Pillars) ਕਿਸ ਚੀਜ਼ ਦੇ ਹਨ, ਉਹ ਸ਼ਬਦ ਦੇ ਹਨ। ਸ਼ਬਦ ਦੀ ਧੁਨ ਦੀ ਖਿੱਚ ਹੈ। ਸ਼ਬਦ ਦਾ ਆਸਰਾ ਹੈ। ਸ਼ਬਦ ਦੀ ਓਟ ਹੈ।

**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥**
**ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥**
(ਅੰਗ-੮੬੪)

ਪੰਚਮ ਪਾਤਸ਼ਾਹ ਫਰਮਾਉਂਦੇ ਹਨ ਕਿ ਮੈਂ ਸਦਾ ਹੀ ਗੁਰੂ ਦੀ ਮੂਰਤ ਭਾਵ ਗੁਰੂ ਦੇ ਸ਼ਬਦ ਦਾ ਮਨ ਵਿਚ ਧਿਆਨ ਕਰਦਾ ਹਾਂ। ਗੁਰੂ ਦੀ ਮੂਰਤ ਜੋ ਹੈ ਉਹ ਸ਼ਬਦ ਹੀ ਹੈ। ਗੁਰੂ ਦੇ ਚਰਨ ਵੀ ਗੁਰੂ ਦਾ ਸ਼ਬਦ ਹੈ। ਗੁਰੂ ਦੇ ਸ਼ਬਦ ਦੁਆਰਾ ਮੈਂ ਸ਼ਬਦ ਨੂੰ ਮੂਰਤ ਵੀ ਮੰਨਦਾ ਹਾਂ ਅਤੇ ਜਪਣ ਯੋਗ ਮੰਤ੍ਰ ਵੀ ਮੰਨਦਾ ਹਾਂ।

ਇਸ ਤਰਾਂ ਗੁਰੂ ਦੇ ਚਰਨਾਂ (ਸ਼ਬਦ) ਨੂੰ ਮੈਂ ਆਪਣੇ ਰਿਦੇ ਵਿਚ ਧਾਰਦਾ ਹਾਂ। ਗੁਰੂ ਮੇਰਾ ਪਾਰਬ੍ਰਹਮ ਪ੍ਰਮੇਸ਼ਰ ਹੈ, ਇਸ ਲਈ ਮੈਂ ਸਦਾ ਉਸ ਸ਼ਬਦ ਗੁਰੂ ਨੂੰ ਨਮਸ਼ਕਾਰ ਕਰਦਾ ਹਾਂ।

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :-

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥** (ਅੰਗ-੭੬੩)

ਮੈਨੂੰ ਆਪਣੇ ਆਪ ਬੋਲਣਾ ਨਹੀਂ ਆਉਂਦਾ, ਜੋ ਹੁਕਮ ਮੈਨੂੰ ਸੱਚੇ ਵਾਹਿਗਰੂ ਨੇ ਦਿਤਾ

ਮੈਂ ਉਸੇ ਤਰ੍ਹਾਂ ਕਹਿ ਦਿੱਤਾ ।ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਹੋ ਖਿਆਲ ਪ੍ਰਗਟ ਕਰਦੇ ਹਨ:

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥** (ਅੰਗ-੭੨੨)

ਵਾਹਿਗੁਰੂ ਜੀ ਦੀ ਦਰਗਾਹ ਵਿਚੋਂ ਜੈਸਾ ਮੈਨੂੰ ਹੁਕਮ ਹੁੰਦਾ ਹੈ ਮੈਂ ਉਹੋ ਗੱਲ ਅੱਗੋਂ ਸੰਸਾਰ ਨੂੰ ਕਹਿ ਦਿੰਦਾ ਹਾਂ। ਸੋ ਵਾਹਿਗੁਰੂ ਦੇ ਹੁਕਮ ਹੀ ਗੁਰਬਾਣੀ ਵਿੱਚ ਦਰਜ ਹਨ :-

**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥** (ਅੰਗ-੬੨੮)

ਇਹ ਬਾਣੀ ਸਾਰੀਆਂ ਚਿੰਤਾਵਾਂ ਨੂੰ ਮਿਟਾਉਣ ਲਈ ਸਮਰੱਥ ਹੈ। ਧੁਰੋਂ ਸੱਚ ਵਿੱਚੋਂ ਨਿਕਲੀ ਹੋਈ ਹੈ।

**੫. ਸ਼ਬਦ ਬਿਨਾ ਪਾਰ ਉਤਾਰਾ ਨਹੀਂ :-**

**ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥** (ਅੰਗ-੫੮)

ਬਿਨਾਂ ਸ਼ਬਦ ਤੋਂ ਆਵਾਗਉਣ ਦਾ ਚੱਕਰ ਖਤਮ ਨਹੀਂ ਹੁੰਦਾ, ਜੀਵ ਜੰਮਦਾ-ਮਰਦਾ ਰਹਿੰਦਾ ਹੈ। ਸ਼ਬਦ ਨਾਲ ਹੀ ਪਰਮਾਤਮਾ ਨਾਲ ਪਿਆਰ ਪੈਂਦਾ ਹੈ। ਸ਼ਬਦ ਦੀ ਕਮਾਈ ਐਸੀ ਹੈ ਕਿ ਇਸ ਨਾਲ ਆਪਾ ਭਾਵ ਮਿਟ ਜਾਂਦਾ ਹੈ। ਹਉਮੈ ਦੂਰ ਹੋ ਜਾਂਦੀ ਹੈ। ਸ਼ਬਦ ਨਾਲ ਇਸ ਤਰਾਂ ਮਰਨ ਨਾਲ ਫੇਰ ਦੂਜੀ ਵਾਰ ਜਨਮ-ਮਰਨ ਨਹੀਂ ਹੁੰਦਾ। ਆਵਾ-ਗਵਨ ਦਾ ਚੱਕਰ ਖਤਮ ਹੋ ਜਾਂਦਾ ਹੈ।

ਸ਼ਬਦ ਦੀ ਕਮਾਈ ਦੀ ਗੱਲ ਹੈ। ਜਤੁ, ਧੀਰਜ, ਗਿਆਨ ਅਤੇ ਪ੍ਰਭੂ ਦੇ ਨਿਰਮਲ ਡਰ ਨੂੰ ਅਪਣਾ ਕੇ 'ਪ੍ਰੇਮ ਦਾ ਭਾਂਡਾ' (ਹਿਰਦੇ ਰੂਪ) ਵਿਚ ਨਾਮ ਰੂਪੀ ਅੰਮ੍ਰਿਤ ਪਾ ਕੇ ਸ਼ਬਦ ਦੀ ਘਾੜਤ ਕਰੀਏ। ਸ਼ਬਦ ਦਾ ਰਿੜਕਣਾ ਕਰੀਏ ਐਸਾ ਸਤਿਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਹੈ। ਇਸ ਤਰਾਂ ਵਾਹਿਗੁਰੂ ਜੀ ਦੀ ਬਖਸ਼ਿਸ਼ ਦੇ ਪਾਤਰ ਹੋ ਜਾਈਦਾ ਹੈ ਅਤੇ ਉਸ ਪ੍ਰਭੂ ਦੀ ਸਵੱਲੀ ਨਜ਼ਰ ਨਾਲ ਨਿਹਾਲੋ ਨਿਹਾਲ ਹੋ ਜਾਈਦਾ ਹੈ :-

**ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥**
**ਨਾਨਕ ਨਦਰੀ ਨਦਰਿ ਨਿਹਾਲ ॥** (ਜਪੁਜੀ ਪਾਉੜੀ-੩੮)

ਗੁਰੂ ਸਾਹਿਬ ਆਖਦੇ ਹਨ ਕਿ ਜੋ ਵੀ ਇਸ ਸੰਸਾਰ ਤੋਂ ਤਰਿਆ ਹੈ ਸੋ ਗੁਰ ਸ਼ਬਦ ਦੇ ਆਸਰੇ ਹੀ ਤਰਿਆ ਹੈ :-

**ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥ ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥੧॥ ਭਵਜਲੁ ਬਿਨੁ ਸਬਦੈ ਕਿਉ ਤਰੀਐ ॥ ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥** (ਅੰਗ-੧੧੨੫)

ਚਰਪਟ ਜੋਗੀ ਸਤਿਗੁਰੂ ਜੀ ਨੂੰ ਪ੍ਰਸ਼ਨ ਕਰਦਾ ਹੈ :-

**ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥**
**ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥** (ਅੰਗ-੯੩੮)

ਸਿੱਧ ਚਰਪਟ ਜੀ ਆਖਦੇ ਹਨ ਇਹ ਦੁਨੀਆ ਦਾ ਸਾਗਰ ਬੜਾ ਡੂੰਘਾ ਹੈ, ਇਸ ਨੂੰ ਤਰਨਾ ਬੜਾ ਔਖਾ ਹੈ, ਇਸ ਤੋਂ ਕਿਵੇਂ ਪਾਰ ਹੋਇਆ ਜਾ ਸਕਦਾ ਹੈ। ਨਾਨਕ ਜੀ ਇਸ ਗੱਲ ਦੀ ਸਹੀ ਵੀਚਾਰ ਦੱਸੋ। ਗੁਰੂ ਨਾਨਕ ਸਾਹਿਬ ਉੱਤਰ ਦਿੰਦੇ ਹਨ :-

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥** (ਅੰਗ-੯੩੮)

ਜਿਵੇਂ ਜਲ ਵਿਚ ਕਮਲ ਨਿਰਲੇਪ ਰਹਿੰਦਾ ਹੈ, ਆਪਣੇ ਉੱਤੇ ਪਾਣੀ ਨਹੀਂ ਠਹਿਰਣ ਦਿੰਦਾ ਅਤੇ ਮੁਰਗਾਬੀ ਜੋ ਹੈ ਉਹ ਵੀ ਨਦੀ ਵਿੱਚ ਆਪਣੇ ਖੰਭ ਭਿੱਜੇ ਤੋਂ ਬਗੈਰ ਤਰਦੀ ਹੈ। ਇਸੇ ਤਰ੍ਹਾਂ ਹੀ ਜਗਿਆਸੂ ਆਪਣੀ ਸੁਰਤ ਨਾਲ ਸ਼ਬਦ ਦਾ ਮੇਲ ਕਰਕੇ ਸੰਸਾਰ ਤੋਂ ਅਲਿਪਤ ਰਹਿ ਕੇ, ਨਾਮ ਜਪ ਕੇ ਇਸ ਭਵਜਲ ਤੋਂ ਪਾਰ ਹੋ ਜਾਂਦੇ ਹਨ। ਜੋ ਸੰਸਾਰ ਸਾਗਰ ਤਰਨਾ ਅਤੀ ਮੁਸ਼ਕਿਲ ਹੈ ਸ਼ਬਦ ਅਤੇ ਸੁਰਤ ਦਾ ਸੁਮੇਲ ਕਰਕੇ, ਭਾਵ ਆਪਣੀ ਸੁਰਤ ਵਿੱਚ ਸ਼ਬਦ ਵਸਾ ਕੇ ਇਕਾਗਰ ਚਿੱਤ ਹੋ ਕੇ ਸਿਮਰਨ ਕਰਕੇ ਪਾਰ ਉਤਾਰਾ ਹੁੰਦਾ ਹੈ।

ਇਹ ਸਰੀਰ ਵੀ ਉਦੋਂ ਹੀ ਸਫਲ ਹੈ ਜਦੋਂ ਇਸ ਵਿਚ ਨਾਮ ਜਪਿਆ ਜਾਂਦਾ ਹੈ :-

**ਕਾਇਆ ਕੋਟੁ ਹੈ ਆਕਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥**
**ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ ॥੨॥** (ਅੰਗ-੧੦੪੯)

ਮਨੁੱਖੀ ਸਰੀਰ ਇੱਕ ਕਿਲੇ ਦੀ ਨਿਆਈਂ ਹੈ। ਇਸ ਵਿਚ ਮਾਇਆ ਮੋਹ ਦਾ ਪਸਾਰਾ ਪਿਆ ਹੋਇਆ ਹੈ। ਪਰ ਕਾਇਆਂ ਵਿਚ ਜੇ ਕਰ ਨਾਮ ਨਹੀਂ ਜਪਿਆ ਜਾਂਦਾ ਤਾਂ ਸਰੀਰ ਸੁਆਹ ਦੀ ਢੇਰੀ ਹੀ ਹੈ। ਇਸ ਵੱਡਮੁਲੀ ਦੇਹੀ ਨੂੰ ਬੰਦਾ ਮਿੱਟੀ ਵਿਚ ਹੀ ਰੋਲ ਦਿੰਦਾ ਹੈ। ਸ਼ਬਦ ਗੁਰੂ ਨੂੰ ਅਪਣਾਏ ਬਗੈਰ ਬੰਦਾ ਅਪਣਾ ਜੀਵਨ ਬੇਅਰਥ ਗੰਵਾ ਲੈਂਦਾ ਹੈ।

ਸਾਡੇ ਲਈ ਕਿਹੜੇ ਸ਼ਬਦ ਦਾ ਹੁਕਮ ਹੈ ਜਿਸ ਰਾਹੀਂ ਅਸੀਂ ਆਪਣੇ ਮੂਲ ਸ਼ਬਦ, ਮੂਲ ਪਿਤਾ ਪਰਮਾਤਮਾ ਨੂੰ ਮਿਲ ਸਕੀਏ :-

**ਸਤਿ ਰੂਪੁ ਸਤਿਨਾਮ ਕਰਿ ਸਤਿਗੁਰੂ ਨਾਨਕ ਦੇਉ ਜਪਾਇਆ ।**
**ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ ।**
**ਵਾਹਿਗੁਰੂ ਗੁਰ ਸਬਦ ਸੁਨਾਇਆ ।** (ਭਾਈ ਗੁਰਦਾਸ ਜੀ, ਵਾਰ ੨੪/੧)

ਭਾਈ ਗੁਰਦਾਸ ਜੀ ਬਿਆਨ ਕਰਦੇ ਹਨ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਸੱਚੇ ਪਿਤਾ ਅਕਾਲ ਪੁਰਖ ਦੇ ਸਤਿ ਸਰੂਪ ਨਾਉ ਨੂੰ ਜਪਾਇਆ ਹੈ। ਕਰਤਾਰ ਪੁਰ ਵਿਖੇ

ਧਰਮਸਾਲਾ ਬਣਾ ਕੇ ਸਾਧ ਸੰਗਤ ਰੂਪੀ ਸਚਖੰਡ ਵਸਾ ਦਿੱਤਾ।ਫੇਰ ਸਤਿਗੁਰੂ ਜੀ ਨੇ ਧਰਮਸਾਲ ਵਿਚ ਬੈਠ ਕੇ ਸੰਗਤ ਨੂੰ ਵਾਹਿਗੁਰੂ ਸ਼ਬਦ ਦਾ ਮੰਤਰ ਜਪਣ ਲਈ ਸੁਣਾਇਆ :-

**ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ ।**
**ਆਪ ਗਵਾਏ ਆਪਿ ਹੈ ਗੁਣ ਗੁਣੀ ਪਰੋਈ ।** (ਭਾਈ ਗੁਰਦਾਸ ਜੀ, ਵਾਰ-੨੩)

ਵਾਹਿਗੁਰੂ ਸ਼ਬਦ ਗੁਰ ਮੰਤਰ ਹੈ, ਇਸ ਨੂੰ ਜਪ ਕੇ ਹਉਮੈ ਦਾ ਭਾਵ ਖਤਮ ਹੁੰਦਾ ਹੈ। ਆਪਣਾ ਆਪ ਗਵਾ ਕੇ ਅਪਣੇ ਆਪ ਦੀ ਪਛਾਣ ਹੁੰਦੀ ਹੈ, ਪਤਾ ਚਲਦਾ ਹੈ ਕਿ ਪ੍ਰਮਾਤਮਾ ਸਭ ਕੁਝ ਆਪ ਹੀ ਹੈ ਇਸ ਤਰ੍ਹਾਂ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਈਦਾ ਹੈ।

ਸੋਨੇ ਦੀ ਟਕਸਾਲ ਦਾ ਉਦਾਹਰਣ ਦੇ ਕੇ ਸਤਿਗੁਰੂ ਜੀ ਸਾਨੂੰ ਅੰਤਰ ਆਤਮੇ 'ਸ਼ਬਦ' ਦੀ ਘਾੜਤ ਘੜਨ ਲਈ ਸਮਝਾਉਂਦੇ ਹਨ। ਇੰਦ੍ਰੀਆਂ ਤੇ ਕਾਬੂ ਪਾਉਣਾ, ਗਿਆਨਵਾਨ ਹੋਣਾ, ਪ੍ਰਮਾਤਮਾ ਦਾ ਡਰ ਹਿਰਦੇ ਵਿਚ ਰੱਖਣਾ ਅਤੇ ਪ੍ਰੇਮਾ ਭਗਤੀ ਨਾਲ ਟਕਸਾਲ ਵਿਚ ਸ਼ਬਦ ਨੂੰ ਘੜਨਾ ਹੈ। ਅਜੇਹੀ ਕਾਰ ਕਰਨ ਲਈ ਜਪੁਜੀ ਸਾਹਿਬ ਦੀ ਅਠੱਤੀਵੀਂ ਪਉੜੀ ਸਾਨੂੰ ਸਮਝਾਉਂਦੀ ਹੈ :-

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ ॥** (ਅੰਗ-੮)

ਬਿਨਾਂ ਸ਼ਬਦ ਨਾਮ ਤੋਂ ਪਰਮਾਤਮਾ ਦਾ ਮੇਲ ਨਹੀਂ ਹੋ ਸਕਦਾ:-

**ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥ ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥ ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥** (ਅੰਗ-੯੪੬)

ਸੋ ਨਾਮ ਨਾਲ ਜੁੜਨਾ ਹੈ। ਸ਼ਬਦ ਦੀ ਕਮਾਈ ਕਰਨੀ ਹੈ। ਭਜਨ ਬੰਦਗੀ, ਸਿਮਰਨ, ਜਪ ਜਾਪ, ਨਾਮ ਦਾ ਅਭਿਆਸ ਕਰਨਾ ਹੈ। ਜੋਗ ਤੋਂ ਭਾਵ ਜੁੜਨਾ ਹੁੰਦਾ ਹੈ। ਪ੍ਰਮਾਤਮਾ ਨਾਲ ਕਿਵੇਂ ਜੁੜ ਸਕਦੇ ਹਾਂ? ਜਪੁਜੀ ਵਿਚ ਵਿਧੀਆਂ ਦੱਸੀਆਂ ਹਨ, ਅਖੀਰ ਵਿਚ ਫੈਸਲਾ ਹੈ :-

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥** (ਜਪੁਜੀ ਸਾਹਿਬ, ਅੰਗ-੮)

ਸਮੇਰ ਪਰਬਤ ਤੇ ਗੋਰਖ ਨਾਥ ਆਦਿ ਸਿੱਧਾਂ ਨਾਲ ਗੋਸਟਿ (ਵਾਰਤਾਲਾਪ) ਹੋਈ। ਇਸ ਵਾਰਤਾਲਾਪ ਦੀ ਲੰਮੀਂ ਬਾਣੀ ੭੩ ਛੰਦਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੯੩੮ ਤੋਂ ੯੪੬ ਤੱਕ ਦਰਜ ਹੈ। ਸਾਰੀ ਬਾਣੀ ਵਿੱਚ ਰਹਾਉ ਦੀ ਇੱਕ ਤੁਕ ਹੈ,"**ਕਿਆ ਭਵੀਐ ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥**" (ਅੰਗ-੯੩੮) ਜੋਗੀਆਂ ਵੱਲੋਂ ਐਧਰ-ਉਧਰ ਭ੍ਰਮਣ (ਤੁਰਨ ਫਿਰਨ) ਨਾਲ ਕੁਝ ਨਹੀਂ ਬਣਨਾ। ਸੱਚੇ ਸ਼ਬਦ ਦੁਆਰਾ ਹੀ ਸੱਚ ਨੂੰ ਪਾਇਆ ਜਾ ਸਕਦਾ ਹੈ। ਸੱਚੇ ਸ਼ਬਦ ਤੋਂ ਬਿਨਾਂ ਮੁਕਤੀ ਵੀ ਪ੍ਰਾਪਤ ਨਹੀਂ ਹੁੰਦੀ।

**ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥** (ਅੰਗ-੯੪੬)

ਸਾਰਾ ਜ਼ੋਰ ਸ਼ਬਦ (ਨਾਮ) ਤੇ ਦਿੱਤਾ ਹੈ। ਧੰਨ ਧੰਨ ਪਾਤਸ਼ਾਹ ਨੇ ਕਿਹਾ ਕਿ ਸ਼ਬਦ ਦੇ ਉਪਦੇਸ਼ ਦਾ ਸਾਰੰਸ਼ ਹੈ ਕਿ ਸ਼ਬਦ (ਨਾਮ) ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ। ਨਾਮ ਤੋਂ ਬਿਨਾਂ ਜੋਗ ਨਹੀਂ ਹੋ ਸਕਦਾ। ਨਾਮ ਨਾਲ ਹੀ ਅਸਲੀ ਸੁੱਖ ਅਤੇ ਪੂਰਨ ਗਿਆਨ ਪ੍ਰਾਪਤ ਹੁੰਦਾ ਹੈ :-

**ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥**
**ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥** (ਅੰਗ-੯੪੦)

ਗੁਰੂ ਦੇ ਸ਼ਬਦ ਦਾ ਸਿਮਰਨ ਕਰਨ ਨਾਲ ਹਉਮੈ ਦੂਰ ਹੁੰਦੀ ਹੈ, ਅਤੇ ਅਪਣੇ ਅਸਲੀ ਘਰ ਵਿੱਚ ਜੀਵ ਦਾ ਵਾਸਾ ਹੁੰਦਾ ਹੈ। ਗੁਰੂ ਨਾਨਕ ਦੇਵ ਸਾਹਿਬ ਆਖਦੇ ਹਨ ਮੈਂ ਉਸ ਪਰਮਾਤਮਾ ਦਾ ਦਾਸ ਹਾਂ ਜਿਸ ਨੇ ਇਹ ਸੰਸਾਰ ਬਣਾਇਆ ਹੈ ਅਤੇ ਜੋ ਸ਼ਬਦ ਦੁਆਰਾ ਪਛਾਣਿਆ ਜਾਂਦਾ ਹੈ :-

**ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥**

(ਅੰਗ-੯੪੧-੪੨)

ਜੋਗੀ ਬਾਰਾਂ ਮੱਤਾਂ ਵਿੱਚ ਭਰਮਦੇ ਫਿਰਦੇ ਹਨ ਅਤੇ ਸੰਨਿਆਸੀ ਛੇ ਸ਼ਾਸਤਰਾਂ ਵਿੱਚ ਉਲਝੇ ਹੋਏ ਹਨ। ਪਰ ਅਸਲ ਗੱਲ ਤਾਂ ਇਹ ਹੈ ਕਿ ਜੋ ਗੁਰੂ-ਸ਼ਬਦ ਦੀ ਕਮਾਈ ਕਰਦਾ ਹੈ, ਉਹੋ ਹੀ ਮੋਖ ਮੁਕਤ ਪਾਉਂਦਾ ਹੈ।

ਸੋਚ ਵੀਚਾਰ ਕਰਕੇ ਵੇਖੋ, ਸ਼ਬਦ ਤੋਂ ਬਗੈਰ ਲੋਕੀਂ ਹੋਰ ਹੋਰ ਕਰਮ ਕਾਂਡਾਂ ਪਾਸੇ ਭਰਮਦੇ ਫਿਰਦੇ ਹਨ। ਵੱਡੇ ਭਾਗਾਂ ਵਾਲੇ ਤਾਂ ਉਹ ਜਗਿਆਸੂ ਹਨ ਜਿਨ੍ਹਾਂ ਨੇ ਆਪਣੇ ਹਿਰਦੇ

ਵਿੱਚ ਸ਼ਬਦ ਨੂੰ ਵਸਾਇਆ ਹੈ :-

**ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥**
**ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥**
**ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥੪੭॥**

(ਅੰਗ-੯੪੩)

ਅੰਤਰ-ਆਤਮੇ ਸ਼ਬਦ ਵੱਸਣ ਨਾਲ, ਅਭਿਲਾਖੀ ਇਕੋ ਸ਼ਬਦ ਵਿੱਚ ਰੱਤਿਆ ਰਹਿੰਦਾ ਹੈ। ਸ਼ਬਦ ਦਾ ਭੈ ਹਉਮੈ ਨੂੰ ਦੂਰ ਕਰਦਾ ਹੈ। ਇਸ ਤਰ੍ਹਾਂ ਸ਼ਬਦ ਦੁਆਰਾ ਤਨ ਅਤੇ ਮਨ ਸੀਤਲ, ਠੰਡੇ ਸ਼ਾਂਤ ਹੋ ਜਾਂਦੇ ਹਨ। ਮਨ ਰੰਗ ਰਲੀਆਂ ਮਾਣਦਾ ਹੈ। ਕਾਮ, ਕ੍ਰੋਧ ਬਿਖ ਦੀ ਜੋ ਅਗਨੀ ਹੈ, ਜੋ ਮਨ ਨੂੰ ਅਸ਼ਾਂਤ ਰਖਦੀ ਹੈ, ਸੋ ਦੂਰ ਹੋ ਜਾਂਦੀ ਹੈ ਅਤੇ ਵਾਹਿਗੁਰੂ ਜੀ ਦੀ ਸਵੱਲੀ ਨਜ਼ਰ ਸਾਡੇ ਤੇ ਪੈ ਜਾਂਦੀ ਹੈ :-

**ਆਪੇ ਲਿਵ ਧਾਤੁ ਹੈ ਆਪੇ ॥ ਆਪਿ ਬੁਝਾਏ ਆਪੇ ਜਾਪੇ ॥**
**ਆਪੇ ਸਤਿਗੁਰੁ ਸਬਦੁ ਹੈ ਆਪੇ ॥ ਨਾਨਕ ਆਖਿ ਸੁਣਾਏ ਆਪੇ ॥੪॥**(ਅੰਗ-੭੯੭)

ਆਪ ਜੀ ਆਖਦੇ ਹਨ ਕਿ ਵਾਹਿਗੁਰੂ ਜੀ ਆਪ ਹੀ ਪ੍ਰਭੂ ਦੇ ਪ੍ਰੇਮ ਦੀ ਲਿਵ ਵਾਲੇ ਹੋ, ਆਪ ਹੀ ਮਾਇਆ ਰੂਪ ਹੋ। ਤੁਸੀਂ ਆਪੇ ਹੀ ਜਿਸ ਨੂੰ ਸੋਝੀ ਦਿੰਦੇ ਹੋ, ਉਸ ਵਿੱਚ ਬੈਠ ਕੇ ਫੇਰ ਅਪਣਾ ਜਾਪ ਵੀ ਆਪ ਕਰਦੇ ਹੋ। ਪਰਮਾਤਮਾ ਆਪ ਹੀ ਗੁਰੂ ਹੈ ਅਤੇ ਆਪ ਹੀ ਸ਼ਬਦ ਰੂਪ ਹੈ। ਨਾਨਕ ਸਾਹਿਬ ਦੱਸਦੇ ਹਨ ਕਿ ਆਪੇ ਹੀ ਅਪਣਾ ਨਾਮ ਆਖ ਕੇ ਆਪ ਹੀ ਸੁਣਾਉਂਦਾ ਹੈ।

ਗੁਰੂ ਉਹ ਹੈ ਜੋ ਅੰਧੇਰੇ ਵਿੱਚ ਪ੍ਰਕਾਸ਼ ਕਰਦਾ ਹੈ । ਸਾਡੀ ਆਤਮਾ ਉੱਤੇ ਮਨ ਦਾ ਗਲਬਾ ਰਹਿੰਦਾ ਹੈ। ਆਤਮਾ ਦੇ ਪ੍ਰਕਾਸ਼ ਲਈ ਮਨ ਦੇ ਗਲਬੇ ਨੂੰ ਦੂਰ ਕਰਨ ਲਈ, ਉਸ ਅਪਰ ਅਪਾਰ ਪਰਮਾਤਮਾ ਦੇ ਮੇਲ ਲਈ, ਗੁਰਮਤਿ ਅਨੁਸਾਰ ਗੁਰੂ ਦੀ ਸਖਤ ਲੋੜ ਹੈ। ਮਨੁੱਖੀ ਜੀਵਨ ਦਾ ਸਫਲ ਹੋਣਾ, ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ। ਗੁਰਬਾਣੀ ਦੇ ਹਰ ਸ਼ਬਦ ਦੇ ਅਰੰਭ ਵਿੱਚ '੧ੴ ਸਤਿਗੁਰ ਪ੍ਰਸਾਦਿ' ਅੱਖਰ ਲਿਖੇ ਹੋਏ ਤੁਸੀਂ ਹਰ ਥਾਂ ਪਾਉਗੇ। ਇਹ ਗੁਰਬਾਣੀ ਦਾ ਤੱਤ ਹੈ। '੧ੴ' ਵਾਹਿਗੁਰੂ ਦਾ ਲਖਾਇਕ ਹੈ ਕਿ ਇਸ ਸ੍ਰਿਸ਼ਟੀ ਦਾ ਕਰਤਾ '੧ੴ' ਹੈ ਅਤੇ ਉਸ ਦਾ ਮਿਲਾਪ ਹੁੰਦਾ ਹੈ ਸਤਿਗੁਰੂ ਦੀ ਕ੍ਰਿਪਾ ਦੁਆਰਾ :-

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥** (ਅੰਗ-੪੬੩)

ਹਜਾਰਾਂ, ਸੈਂਕੜੇ ਸੂਰਜ ਚੜ੍ਹ ਪੈਣ, ਕਿੰਨਾ ਹੀ ਚਾਨਣਾ ਹੋ ਜਾਵੇ ਪਰ ਆਤਮਾ ਦੇ ਪ੍ਰਕਾਸ਼ ਲਈ, ਵਾਹਿਗੁਰੂ ਦੇ ਮਿਲਾਪ ਲਈ, ਜਿਸ ਚਾਨਣੇ ਦੀ ਲੋੜ ਹੈ। ਉਹ ਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਦੇ ਸਕਦਾ :-

**ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥** (ਅੰਗ-੧੦੪੬)

ਐਸਾ ਸਿਸਟਮ, ਨਿਯਮ (Rule) ਹੈ ਕਿ ਸਤਿਗੁਰ ਤੋਂ ਬਿਨਾਂ ਨਾਮ ਨਹੀਂ ਪਾਇਆ ਜਾਂਦਾ। ਦੁਨੀਆਂ ਵਿੱਚ ਹਰੇਕ ਕੰਮ ਲਈ, ਹਰੇਕ ਚੀਜ਼ ਲਈ ਕੋਈ ਨਾ ਕੋਈ ਵਿਧਾਨ ਬਣਿਆ ਹੋਇਆ ਹੈ। ਪ੍ਰਭੂ ਪਿਆਰ ਲਈ, ਪ੍ਰਭੂ ਮਿਲਾਪ ਲਈ ਵੀ ਵਿਧਾਨ ਹੈ ਕਿ ਕਿਸੇ ਗੁਰੂ ਦੇ ਲੜ ਲੱਗਣਾ ਪੈਂਦਾ ਹੈ :-

**ਆਦਿ ਪੁਰਖ ਆਦੇਸ ਆਦਿ ਵਖਾਣਿਆ ।**
**ਸਤਿਗੁਰ ਸਚਾ ਵੇਸ ਸਬਦ ਸਿਵਾਣਿਆ ।**
**ਸ਼ਬਦ ਸੁਰਤਿ ਉਪਦੇਸ਼ ਸੱਚ ਸਮਾਣਿਆ ।** (ਵਾਰ ਭਾਈ ਗੁਰਦਾਸ ਜੀ)

ਜੋ ਵਾਹਿਗੁਰੂ ਆਦਿ ਅੰਤ ਤੋਂ ਹੈ '**ਆਦਿ ਅੰਤ ਏਕੈ ਅਵਤਾਰਾ ਸੋਈ ਗੁਰੂ ਸਮਝਿਓ ਹਮਾਰਾ**' ਉਸ ਨੂੰ ਸ਼ਬਦ ਦੇ ਅਖਰਾਂ ਵਿੱਚ ਉਚਾਰਨ ਕਰਕੇ, ਉਸ ਨੂੰ ਆਦੇਸ਼ (ਨਮਸ਼ਕਾਰ) ਕੀਤੀ ਜਾਂਦੀ ਹੈ। ਸ਼ਬਦ ਅਤੇ ਸੁਰਤ ਦਾ ਸਬੰਧ ਜੋੜ ਕੇ ਹੀ ਸੱਚੇ ਵਾਹਿਗੁਰੂ ਨਾਲ ਮਿਲਾਪ ਹੋ ਸਕਦਾ ਹੈ।

**ਸ਼ਬਦ ਗੁਰੂ ਗੁਰ ਵਾਹ ਗੁਰਮੁਖ ਪਾਇਆ ।**
**ਚੇਲਾ ਸੁਰਤ ਸਮਾਹ ਅਲਖ ਲਖਾਇਆ ।** (ਵਾਰ ਭਾਈ ਗੁਰਦਾਸ ਜੀ)

ਗੁਰੂ ਦੇ ਲੜ ਲੱਗਿਆਂ ਨੇ ਸ਼ਬਦ ਪਾਇਆ ਹੈ ਅਤੇ ਆਪਣੀ ਸੁਰਤ ਵਿੱਚ ਵਸਾ ਕੇ ਅਪਰ ਅਪਾਰ ਵਾਹਿਗੁਰੂ ਨੂੰ ਪਾ ਲਿਆ ਹੈ।

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥** (ਅੰਗ-੮)

ਜਦੋਂ ਜੀਵ ਬੰਦਗੀ ਵਿੱਚ ਲੱਗਦਾ ਹੈ। ਕੋਈ ਸ਼ਬਦ ਲੈ ਕੇ ਉਸ ਦਾ ਜਾਪ ਅਰੰਭਦਾ ਹੈ। ਮਨੁੱਖੀ ਸੁਆਸ ਵੀ ਤਾਂ ਹਵਾ ਹੀ ਹਨ। ਸੁਆਸਾਂ ਨਾਲ ਸ਼ਬਦ ਦਾ ਮੇਲ ਕਰਦਾ ਹੈ। ਸੁਆਸ ਅੰਦਰ ਜਾਣ ਵੇਲੇ 'ਵਾਹੁ' ਸ਼ਬਦ ਉਚਾਰਦਾ ਹੈ ਅਤੇ ਸੁਆਸ ਬਾਹਿਰ ਆਉਣ ਵੇਲੇ 'ਗੁਰੂ' ਦਾ ਉਚਾਰਨ ਹੁੰਦਾ ਹੈ। ਧਿਆਨ, ਸੁਰਤ ਨੂੰ ਇਸ ਪ੍ਰਯੋਗ ਵਲ ਲਗਾਉਂਦਾ ਹੈ। ਸ਼ਬਦ ਨੂੰ ਉਚਾਰਦਾ ਤੇ ਸੁਣਦਾ ਹੈ। ਏਥੇ ਕੋਈ ਦੇਹ ਧਾਰੀ ਕਿਵੇਂ ਆ ਗਿਆ ਜੀ ? ਜੇਕਰ ਕਿਸੇ ਦੇਹ ਦਾ ਧਿਆਨ ਧਰਾਂਗੇ, ਸ਼ਬਦ ਦਾ ਅਭਿਆਸ ਨਹੀਂ ਹੋ ਸਕੇਗਾ ਜੀ ! ਜੇਕਰ ਫੋਟੋ ਸਾਹਮਣੇ ਰਖਾਂਗੇ ਤਾਂ ਧਿਆਨ ਫੋਟੋ ਵਿੱਚ ਹੀ ਹੋਵੇਗਾ। ਬਾਹਰਮੁੱਖੀ ਹੀ ਰਹਿ ਜਾਵਾਂਗੇ ਤੇ ਅੰਤਰਿ ਦੀ ਝਾਤ ਤਾਂ ਪਵੇਗੀ ਹੀ ਨਹੀਂ। ਗੁਰੂ ਨੂੰ ਉਹੋ ਹੀ ਸਿੱਖ ਚੰਗਾ ਲੱਗਦਾ ਹੈ ਜੋ :-

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
(ਅੰਗ-੩੦੫-੦੬)

ਗੁਰੂ ਦੀ ਮੂਰਤਿ ਤਾਂ ਗੁਰੂ ਦਾ ਸ਼ਬਦ ਹੀ ਹੈ। ਦੇਹ ਦੀ ਫੋਟੋ ਨੂੰ ਧਿਆਕੇ ਹੇਠਾਂ ਹੇਠਾਂ ਹੀ ਰਹਿ ਜਾਵਾਂਗੇ :-

**ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।**

(ਵਾਰ ਭਾਈ ਗੁਰਦਾਸ ਜੀ)

ਸ਼ਬਦ ਹੀ ਗੁਰੂ ਹੈ। ਸ਼ਬਦ ਦੀ ਕਮਾਈ ਬਿਨਾਂ ਘਾਲਣਾ ਨਹੀਂ ਘਾਲੀ ਜਾਂਦੀ।

**ਗੁਰਮੂਰਤਿ ਪੂਰਨ ਬ੍ਰਹਮ ਅਬਗਤਿ ਅਬਿਨਾਸੀ ।**

**ਪਾਰਬ੍ਰਹਮ ਗੁਰ ਸ਼ਬਦ ਹੈ ਸਤਸੰਗਿ ਨਿਵਾਸੀ ।** (ਵਾਰ ਭਾਈ ਗੁਰਦਾਸ ਜੀ)

ਗੁਰੂ ਦਾ ਸ਼ਬਦ ਹੀ, ਗੁਰੂ ਦੀ ਮੂਰਤੀ ਹੈ ਅਤੇ ਸ਼ਬਦ ਹੀ ਪਾਰਬ੍ਰਹਮ ਹੈ। ਸ਼ਬਦ ਹੀ ਪਾਰਬ੍ਰਹਮ ਤੱਕ ਪਹੁੰਚਾਉਂਦਾ ਹੈ। ਸੱਚੀ ਸੰਗਤ ਵਿੱਚ ਮਿਲ ਕੇ ਸ਼ਬਦ ਦੀ ਕਮਾਈ ਕਰਕੇ ਹੀ ਮੰਜ਼ਲ ਨੂੰ ਪਾਈਦਾ ਹੈ।

ਉਪ੍ਰੋਕਤ ਵੀਚਾਰ ਤੋਂ ਸਬਦ ਦਾ ਸਰੂਪ ਜੋ ਗੁਰਮਤਿ ਸਾਨੂੰ ਦੱਸਦੀ ਹੈ, ਉਹ ਹੈ ;-

ਪਹਿਲਾ : **ਕੀਤਾ ਪਸਾਉ ਏਕੋ ਕਵਾਉ ॥** ਭਾਵ ਸਬਦ, ਵਾਕ

ਦੂਜਾ : ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।)

ਤੀਜਾ : ਵਾਹਿਗੁਰੂ, ਗੁਰ ਮੰਤ੍ਰ (ਗੁਰ ਸ਼ਬਦ)

ਸੋ ਭਰੋਸਾ ਰੱਖ ਕੇ, ਵਾਹਿਗੁਰੂ ਸ਼ਬਦ ਦਾ ਸਿਮਰਨ ਕਰਕੇ ਸਤਿਗੁਰੂ ਦੀ ਬਖਸ਼ਿਸ਼ ਅਤੇ ਪਾਰਬ੍ਰਹਮ ਦੀ ਸਵੱਲੀ ਨਦਰਿ ਨਾਲ ਪ੍ਰਮੇਸ਼ਰ ਦੀ ਦਰਗਾਹ ਵਿੱਚ ਪਹੁੰਚਿਆ ਜਾਂਦਾ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਤੇ ਰਹਿਮ ਕਰਨ, ਸਾਡੇ ਹਿਰਦੇ ਵਿੱਚ ਸਬਦ ਦਾ ਪ੍ਰਕਾਸ ਕਰਨ ਤਾਂ ਜੋ ਅਸੀਂ ਭਵਸਾਗਰ ਤੋਂ ਪਾਰ ਹੋ ਸਕੀਏ। -0-0-0-

## ਦਿੱਲੀ ਸਰਕਲ ਆਫਿਸ

**ਸੰਸਥਾ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਦਾ ਦਿੱਲੀ ਆਫਿਸ**

**ਸ. ਭਗਵੰਤ ਸਿੰਘ,**

204-ਡੀ, ਗਲੀ ਨੰ. 36, ਸਫਦਰਜੰਗ ਐਨਕਲੇਵ,

ਅਰਜਨ ਨਗਰ, ਨਵੀਂ ਦਿੱਲੀ।

ਫੋਨ : 26180398, ਮੋ :99106-00199

**ਸੰਸਥਾ ਬਾਬਤ ਕੋਈ ਵੀ ਪੁੱਛ ਗਿੱਛ ਕਰਨੀ ਹੋਵੇ ਜਾਂ ਸੰਸਥਾ ਦੀਆਂ ਛੱਪੀਆਂ ਪੁਸਤਕਾਂ ਮੰਗਵਾਣੀਆਂ ਹੋਣ ਤਾਂ ਆਪ ਜੀ ਇਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ।**

# .ਲਾਹੌਰ ਸਹਰ ਕਹਿਰ ਸਵਾ ਪਹਰ

ਲਾਹੌਰ ਸ਼ਹਿਰ ਤੇ ਵਰਤਿਆ ਕਹਿਰ, ਚੰਦੂ ਦੀਵਾਨ ਨੇ ਅੱਜ ਜ਼ੁਲਮ ਕਮਾਇਆ ਏ।
ਪੁੰਜ ਸ਼ਾਂਤੀ ਦੇ ਗੁਰੂ ਅਰਜਨ ਦੇਵ ਜੀ ਨੂੰ, ਤੱਤੀ ਲੋਹ ਉੱਤੇ ਉਸ ਬਿਠਾਇਆ ਏ।
ਜੇਠ-ਹਾੜ੍ਹ ਦੀ ਗਰਮੀ ਪਈ ਤਨ ਸਾੜੇ, ਹਿਰਦੇ ਲੂਹਣ ਵਾਲਾ ਦ੍ਰਿਸ਼ ਬਣਾਇਆ ਏ।
ਪੰਚਮ-ਪਾਤਸ਼ਾਹ ਭਾਣਾ ਮੰਨ ਕਰਤਾਰ ਦਾ, ਉਸ ਉੱਤੇ ਅੱਜ ਚੌਂਕੜਾ ਲਾਇਆ ਏ।

ਕੋਮਲ ਦੇਹ ਉੱਤੇ ਛਾਲਿਆਂ ਜਨਮ ਲਿਆ, ਦਰਦਨਾਕ ਮਹੌਲ ਬਣਾਇਆ ਏ।
ਘਟ ਜ਼ਾਲਮਾਂ ਨੇ ਕਦੋਂ ਸੀ ਕਰਨੀ, ਤੱਤਾ ਰੇਤਾ ਵੀ ਸੀਸ ਉਤੇ ਪਾਇਆ ਏ।
ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿ ਸਤਿਗੁਰ, ਮੁੱਖ ਤੋਂ ਸੀ ਤੱਕ ਨਾ ਅਹਲਾਇਆ ਏ।
ਆਉਣ ਵਾਲੇ ਸਮੇਂ ਅੰਦਰ ਕੌਮ ਲਈ, ਪੂਰਨੇ ਪਾ ਕੇ ਸਭ ਕੁਝ ਸਮਝਾਇਆ ਏ।

ਮੀਆਂ ਮੀਰ ਨੂੰ ਜਦੋਂ ਇਹ ਖ਼ਬਰ ਹੋਈ, ਰੱਬੀ ਜੋਤ ਨੂੰ ਵੇਖਣ ਲਈ ਆਇਆ ਏ।
ਭੁਬਾਂ ਮਾਰ ਕੇ ਜ਼ਾਰੋ-ਜ਼ਾਰ ਰੋਇਆ, ਕਹਿੰਦਾ, ਦਾਤਾ ਇਹ ਕੀ ਚੋਜ ਰਚਾਇਆ ਏ।
ਹੱਥ ਜੋੜ ਕਿਹਾ ਮੀਆਂ ਮੀਰ ਤਦੋਂ, ਸਤਿਗੁਰੋ ! ਬੰਦਾ ਹੁਕਮ ਦਾ, ਹੁਕਮ ਬਜਾ ਦੇਵੇ,
ਜੇ ਕਰ ਆਗਿਆ ਆਪ ਦੀ ਹੋ ਜਾਵੇ, ਦਿੱਲੀ-ਲਾਹੌਰ ਦੀ ਇੱਟ-ਨਾਲ ਇੱਟ ਖੜਕਾ ਦੇਵੇ।

ਕਿਹਾ ਸਤਿਗੁਰਾਂ ਮੀਰ ਜੀ ਧੀਰਜ ਰੱਖੋ, ਖਾਸ ਮਤਲਬ ਲਈ ਅਸੀਂ ਜਾਨ ਦੇ ਰਹੇ ਹਾਂ।
ਝੁੱਸਾ ਆਪਣਾ ਅਗਨ ਵਿੱਚ ਸਾੜ ਕੇ ਤੇ, ਨਵੀਂ ਸਿੱਖੀ-ਸਰੂਪ ਨੂੰ ਪਾਨ ਦੇ ਰਹੇ ਹਾਂ।
ਟੋਰਨ ਲਈ ਕੁਰਬਾਨੀ ਦੇ ਕਾਫਲਿਆਂ ਨੂੰ,ਅਸੀਂ ਅਪਣਾ 'ਮੀਰ ਜੀ' ਬਲਿਦਾਨ ਦੇ ਰਹੇ ਹਾਂ।
ਵਕਤ ਆਉਣ ਤੇ ਸਿਰਾਂ ਦੇ ਦਾਨੀਆਂ ਲਈ, ਅਸੀਂ ਅਪਣੇ ਜੁੱਸੇ ਦਾ ਦਾਨ ਦੇ ਰਹੇ ਹਾਂ।

ਪਾਇਆਂ ਪੂਰਨਿਆਂ ਤੋਂ ਸਬਕ ਲੈ ਕੇ, ਅਪਣੇ ਸਰੀਰ ਨੂੰ ਦੋ-ਫਾੜ ਕਰਵਾਇਆ ਕਰਨਗੇ।
ਸਿੱਖੀ ਸਰੂਪ ਦੀ ਆਨ ਤੇ ਸ਼ਾਨ ਖਾਤਿਰ, ਹੱਸ-ਹੱਸ ਕੇ ਬੰਦ ਕਟਵਾਇਆ ਕਰਨਗੇ।
ਜ਼ਬਰ-ਜ਼ੁਲਮ ਦਾ ਟਾਕਰਾ ਕਰਨ ਲਈ, ਚਰਖੜੀਆਂ ਉੱਤੇ ਚੜ੍ਹ ਜਾਇਆ ਕਰਨਗੇ।
ਕਈ ਉਬਲ ਦੀਆਂ ਦੇਗਾਂ 'ਚ ਬਹਿ ਜਾਸਣ, ਕਈ ਹੱਸ-ਹੱਸ ਖੋਪਰ ਲੁਹਾਇਆ ਕਰਨਗੇ।

ਪੰਚਮ ਪਾਤਸ਼ਾਹ ਜਿਸਮ ਦੀ ਚਰਬੀ ਪਾਕੇ, ਸਿੱਖੀ-ਸਿੱਦਕ ਦਾ ਮਹਿਲ ਉਸਾਰ ਗਏ।
ਠੰਡੇ ਜਿਗਰ ਵਾਲੇ, ਪੁੰਜ ਸ਼ਾਂਤੀ ਦੇ, ਉਬਲਦੀ ਦੇਗ ਦਾ ਪਾਣੀ ਸੀ ਠਾਰ ਗਏ।
ਜੁੱਸਾ ਅਪਣਾ ਅਗਨ ਦੀ ਭੇਟ ਕਰਕੇ, ਸਿੱਕਾ ਲਾਸਾਨੀ ਸ਼ਹਾਦਤ ਦੀ ਮਾਰ ਗਏ।
ਜਿੱਤ ਸਬਰ ਤੇ ਸ਼ਾਂਤੀ ਦੀ ਹੋਈ 'ਸਚਦੇਵਾ', ਜ਼ੁਲਮ ਸਿਤਮ ਕਰਨ ਵਾਲੇ ਸਨ ਹਾਰ ਗਏ।

-ਸ.ਹਰਜਿੰਦਰ ਸਿੰਘ 'ਸਚਦੇਵਾ' , ਮੋ : 98769-34244

# ਸੰਸਥਾ ਦੇ ਕਾਰਜਾਂ ਲਈ ਮੋਹਾਲੀ ਅਤੇ ਚੰਡੀਗੜ੍ਹ ਦੀ ਸੰਗਤ ਵਲੋਂ ਅਪ੍ਰੈਲ-2023 ਵਿੱਚ ਆਈ ਸਹਾਇਤਾ

**ਜਰਨਲ** : ਸ.ਸੁਰਜੀਤ ਸਿੰਘ ੨੦੦੦/-, ਸ.ਸੁਖਬੰਸ ਸਿੰਘ ੫੦੦/-, ਸ.ਅਨਮੋਲਦੀਪ ਸਿੰਘ ੧੧੦੦/-, ਸ.ਗੁਲਜਾਰ ਸਿੰਘ ੧੦੦੦/-, ਗੁਪਤ ੨੦੦/-, ਸ.ਜਸਮੇਲ ਸਿੰਘ ੫੦੦/-, ਸਟਾਲ ਅੰਬ ਸਾਹਿਬ ਗੁਰਦੁਆਰਾ ੧੧੯੦/-, ਸ.ਹਰੀ ਸਿੰਘ ੧੦੦੦/-, ਸ.ਗੁਰਬਚਨ ਸਿੰਘ ੧੦੦੦/-, ਗੁਪਤ ੨੦੦/-, ਐਲੀਨਾ ਆਟੋ ਇੰਡ.ਪ੍ਰੀਈਵੇਟ ਲਿਮਿਟੰਡ ੨੫੦੦/-, ਸ.ਜਗਤੇਸ੍ਵਰ ਸਿੰਘ ੫੦੦/-, ਸ.ਲੱਖਾ ਸਿੰਘ ੫੦੦/-, ਸ.ਸਵਰਨ ਸਿੰਘ ੨੦੦੦/-, ਸ.ਤੇਜਵੰਤ ਸਿੰਘ ੫੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਕੁਲਦੀਪ ਸਿੰਘ ੧੫੦੦੦/-, ਸ.ਬਲਦੇਵ ਸਿੰਘ ੧੦੦੦/-, ਬੀਬੀ ਪ੍ਰੇਮ ਕੌਰ ੨੦੦/-, ਸਟਾਲ ਗੁਰਦੁਆਰਾ ਨਾਢਾ ਸਾਹਿਬ ੧੦੯੦/-, ਸ.ਗੁਰਪਾਲ ਸਿੰਘ ੧੦੦੦/-, ਸ.ਪਰਮਜੀਤ ਸਿੰਘ ੫੦੦/-, ਸ.ਸਤਪਾਲ ਸਿੰਘ ੫੦੦/-, ਸ.ਬਹਾਦਰ ਸਿੰਘ ੫੦੦/-, ਸ.ਸ਼ੇਰ ਸਿੰਘ ੫੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਪਰਮਜੀਤ ਸਿੰਘ ੧੫੦੦/-, ਬੀਬੀ ਜਸਭਿੰਦਰ ਕੌਰ ੫੦੦੦/-, ਬੀਬੀ ਜਸਬੀਰ ਕੌਰ ੫੦੦/-, ਸ.ਅਮਰਜੀਤ ਸਿੰਘ ੧੦੦੦/-, ਸ.ਦਲਜੀਤ ਸਿੰਘ ੫੦੦/-, ਗੁਪਤ ੫੦੦/-, ਸ.ਕਰਨੈਲ ਸਿੰਘ ੧੦੦੦/-, ਸ.ਹਰਪਾਲ ਸਿੰਘ ੨੦੦/-, ਸ.ਤੇਜ ਸਿੰਘ ੧੦੦੦/-, ਸ.ਅਵਤਾਰ ਸਿੰਘ ੧੦੦/-, ਸ.ਅਮਰਪ੍ਰੀਤ ਸਿੰਘ ੧੦੦/-, ਸ.ਸੁਰਿੰਦਰ ਸਿੰਘ ੨੫੦੦/-, ਬੀਬੀ ਮਨਜੀਤ ਕੌਰ ੨੦੦/-,**ਸ.ਸੁਖਦੇਵ ਸਿੰਘ ਸੈਕਟਰ ੨੩ ਰਾਹੀਂ** : ਗੁਪਤ ੧੦੦+੨੦੦/-, **ਸ.ਅਵਤਾਰ ਸਿੰਘ ਸੈਕਟਰ ੩੭ ਰਾਹੀਂ** : ਸ.ਸਰਨਜੀਤ ਸਿੰਘ ੧੦੦/-, ਸ.ਜਸਬੀਰ ਸਿੰਘ ੨੦੦/-, ਗੁਪਤ ੧੦੦+੩੦੦/-, **ਸ.ਰਘਬੀਰ ਸਿੰਘ ਸੈਕਟਰ ੩੮ ਰਾਹੀਂ** : ਸ.ਅਮਰਜੀਤ ਸਿੰਘ ੫੦੦/-, ਸ.ਜਗਜੀਤ ਸਿੰਘ ੫੦/-, ਸ.ਸੋਹਨ ਸਿੰਘ ੨੦੦/-, ਸ੍ਰੀ.ਜੇ.ਐਮ.ਐਸ.ਜੱਗੀ ੧੦੦/-, ਸ.ਸਾਧੂ ਸਿੰਘ ੨੦੦/-, ਸ.ਲਵਪ੍ਰੀਤ ਸਿੰਘ ੫੦/-, ਬੀਬੀ ਸਹਿਜ ਕੌਰ ੧੦੦/-, ਸ.ਇਕਬਾਲ ਸਿੰਘ ੨੦੦/-, ਸ.ਰਘਬੀਰ ਸਿੰਘ ੫੦੦/-, ਬੀਬੀ ਕੁਲਜੀਤ ਕੌਰ ੧੦੦/-,**ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ** : **(ਜਨਵਰੀ)** : ਸ.ਪੂਰਨ ਸਿੰਘ ੬੦/-, ਸ.ਰਤਨ ਸਿੰਘ ੧੦੦/-, ਬੀਬੀ ਅਤਰ ਕੌਰ ੨੦੦/-, ਡਾ.ਸਵਿੰਦਰ ਸਿੰਘ ੨੦੦/-, ਸ.ਦਿਲਾਵਰ ਸਿੰਘ ੨੦੦/-, ਸ.ਗੁਰਮੇਲ ਸਿੰਘ ੧੦੦/-, ਸ.ਮਨਦੀਪ ਸਿੰਘ ੧੦੦/-, ਸ.ਹਰਸ਼ਮੀਤ ਸਿੰਘ ੧੦੦/-, ਸ.ਬਲਹਾਰ ਸਿੰਘ ੫੦੦/-, **(ਫਰਵਰੀ, ਮਾਰਚ)** : ਸ.ਦਿਲਾਵਰ ਸਿੰਘ ੧੦੦/-, ਬੀਬੀ ਅਤਰ ਸਿੰਘ ੧੦੦/-, ਸ.ਰਤਨ ਸਿੰਘ ੧੦੦/-, ਸ.ਗੁਰਮੇਲ ਸਿੰਘ ੧੦੦/-, ਸ.ਦਿਲਾਵਰ ਸਿੰਘ ੧੦੦/-, ਡਾ.ਸਵਿੰਦਰ ਸਿੰਘ ੩੦੦/-, ਸ.ਮਲੂਕ ਸਿੰਘ ੧੦੦/-, ਬੀਬੀ ਅਤਰ ਕੌਰ ੨੦੦/-, ਸ.ਰਤਨ ਸਿੰਘ ੨੦੦/-, ਸ.ਗੁਰਮੇਲ ਸਿੰਘ ੧੦੦/-, ਸ.ਮਨਦੀਪ ਸਿੰਘ ੧੦੦/-, ਸ.ਹਰਸ਼ਮੀਤ ਸਿੰਘ ੧੦੦/-, ਸ.ਬਲਿਹਾਰ ਸਿੰਘ ੫੦੦/-, **ਸ.ਰਵਿੰਦਰ ਸਿੰਘ ਸੈਕਟਰ ੪੫ ਰਾਹੀਂ** : ਸ.ਕਰਮਜੀਤ ਸਿੰਘ ੧੦੦/-, ਸ.ਜਗਜੀਤ ਸਿੰਘ ੨੨/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਸ.ਤ੍ਰਿਪਤਪਾਲ ਸਿੰਘ ੫੦੦/-, ਬੀਬੀ ਦਲਜੀਤ ਕੌਰ ੫੦/-, ਸ਼ਰਮਾ ਪਰਿਵਾਰ ੧੦੦/-, ਗੁਲਾਟੀ ਪਰਿਵਾਰ ੧੦੦/-, ਸ.ਬਲਜੀਤ ਸਿੰਘ ੨੦੦/-, ਸ.ਜੁਗਿੰਦਰ ਸਿੰਘ ੨੦੦/-, ਸ.ਹਰਜਿੰਦਰ ਸਿੰਘ ੩੫੦/-, **ਸ.ਮਿੱਤ ਸਿੰਘ ਸੈਕਟਰ ੪੭ ਰਾਹੀਂ** : ਸ.ਤਾਰਾ ਸਿੰਘ ੫੦੦/-, ਸ.ਬਚਿੱਤਰ ਸਿੰਘ ੨੦੦/-, ਸ.ਅਜੈਬ ਸਿੰਘ ੧੦੦/-, ਸ.ਦੀਪਕ ਸਿੰਘ ਮਹਿਤਾ ੧੦੦/-, ਸ.ਗੁਰਕ੍ਰਿਪਾਲ ਸਿੰਘ ੧੦੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਗੁਰਮੀਤ ਸਿੰਘ ੧੦੦/-, ਸ.ਹਰਭਜਨ ਸਿੰਘ ੫੦੦/-, ਸ.ਹਰਜਿੰਦਰ ਸਿੰਘ ੫੦੦/-, ਸ.ਬਲਦੇਵ ਸਿੰਘ ੫੦੦/-, ਸ.ਸੁਰਦਰਸਨ ਸਿੰਘ ੧੨੦/-, ਸ.ਸੁਪਿੰਦਰ ਸਿੰਘ ੨੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, ਸ.ਰੁਪਿੰਦਰ ਸਿੰਘ ੧੦੦/-, ਸ.ਇੰਦਰ ਮੋਹਨ ਸਿੰਘ ੫੦੦/-, ਸ੍ਰੀ.ਰਾਮਦਾਸ ੧੦੦/-, ਸ.ਭੁਪਿੰਦਰ ਸਿੰਘ ੧੦੦/-, **ਨਾਢਾ ਸਾਹਿਬ ਸਟਾਲ** : ਬੀਬੀ ਪ੍ਰੇਮ ਕੌਰ ੨੦੦/-, **ਸ.ਬਲਦੇਵ ਸਿੰਘ ਫੇਜ ੩ਬੀ੨ ਰਾਹੀਂ** : ਸ.ਲਾਲ ਸਿੰਘ ੧੦੦/-, ਬੀਬੀ ਜਗਦੀਸ ਕੌਰ ੧੦੦/-, ਸ.ਸਮਸ਼ੇਰ ਸਿੰਘ ੧੦੦/-, ਸ.ਅਰਜੁਨ ਸਿੰਘ ੫੦੦/-, **ਸ.ਬਲਦੇਵ ਸਿੰਘ ਫੇਜ ੧੦ ਰਾਹੀਂ** : ਸ.ਨਛੱਤਰ ਸਿਘ ੧੦੦/-, ਬੀਬੀ ਜਗਦੀਸ਼ ਕੌਰ ੫੦/-, ਬੀਬੀ ਸੁਰਿੰਦਰਪਾਲ ਕੌਰ ੨੦੦/-, ਸ.ਅਵਤਾਰ ਸਿੰਘ ੧੦੦/-, ਡਾ.ਦਰਸ਼ਨਜੋਤ ਕੌਰ ੫੦/-, **ਸ.ਹਰਦੀਪ ਸਿੰਘ ਮੋਹਾਲੀ/ਚੰਡੀਗੜ੍ਹ ਰਾਹੀਂ** : ਬੀਬੀ ਬਲਜੀਤ ਕੌਰ ੨੧/-, ਬੀਬੀ ਜਸਵੰਤ ਕੌਰ ੫੦੦/-, ਸ੍ਰੀ.ਜੀ.ਐਸ.ਉਬਰਾਏ ੫੦/-, ਬੀਬੀ ਮਨਜੀਤ ਕੌਰ ੨੦੦/-, ਬੀਬੀ ਸੁਰਜੀਤ ਕੌਰ ੫੦/-, ਸ੍ਰੀ.ਵਾਈ.ਪੀ.ਐਸ.ਆਲੂਵਾਲਿਆ ੧੦੦/-, ਸ.ਅਨੂਦੀਪ ਸਿੰਘ ੧੦੦੦-, ਸ.ਮਨਦੀਪ ਸਿੰਘ ੧੦੦/-, ਬੀਬੀ ਜਸਪ੍ਰੀਤ ਕੌਰ ੫੦੦/-, ਸ.ਗੁਰਦੀਪ ਸਿੰਘ ੨੦੦/-, ਸ.ਸਮਸ਼ੇਰ ਸਿੰਘ ੧੦੦/-, ਸਡਾਣਾ ਜਨਰਲ ਸਟੋਰ ੫੦੦/-, ਸ.ਅਮਰਜੀਤ ਸਿੰਘ ੧੦੦/-, ਸ.ਸੁਰਿੰਦਰਜੀਤ ਸਿੰਘ ੨੦੦/-, ਸ.ਸਰਦੂਲ ਸਿੰਘ ੧੦੦/-, ਸ.ਸਤਵੀਰ ਸਿੰਘ ੨੦੦/-, ਬੀਬੀ ਮਨਜੀਤ ਕੌਰ ੫੦/-, ਬੀਬੀ ਮਨਜੀਤ ਕੌਰ ੫੦/-, ਸ.ਸਤਵੀਰ ਸਿੰਘ ੫੦੦/-, ਸ.ਤੇਜਿੰਦਰ ਸਿੰਘ ੨੦/-, ਸ.ਕਰਮ ਸਿੰਘ

੧੦੦/-, ਸ.ਕਰਨੈਲ ਸਿੰਘ ੨੦/-, ਸੇਠੀ ਪਰਿਵਾਰ ੧੦੦/-, ਸ.ਮਨਜੀਤ ਸਿੰਘ ੫੦੦/-, ਸ.ਅਲਬੇਲ ਸਿੰਘ ੨੦੦/-, ਸ.ਮੋਹਨ ਸਿੰਘ ੫੦/-, ਸ.ਮਿੱਠਾ ਸਿੰਘ ੨੦੦/-, ਸ.ਨਰਿੰਦਰ ਸਿੰਘ ੧੦੦/-, **ਸ.ਮਨਿੰਦਰ ਸਿੰਘ ਚੰਡੀਗੜ੍ਹ ਰਾਹੀਂ :** ਡਾ.ਰਵਿੰਦਰ ਕੌਰ ੧੦੦੦/-, ਸ.ਅਮਰ ਸਿੰਘ ੫੦੦/-, ਸ.ਹਰਨੇਕ ਸਿੰਘ ੧੦੦/-, ਸ.ਉਦੈ ਸਿੰਘ ੧੦੦/-, ਸ.ਕਰਨੈਲ ਸਿੰਘ ੧੦੦/-, ਸ.ਮੀਤ ਸਿੰਘ ੨੦੦-, ਗੁਪਤ ੫੦/-, ਲੇਟ ਸ.ਗੁਰਬਖਸ਼ ਸਿੰਘ ੫੦੦/-, ਸ.ਗੁਰਮੀਤ ਸਿੰਘ ੧੦੦/-, ਡਾ.ਰਵਿੰਦਰ ਕੌਰ ੧੦੦/-, ਸ.ਜਸਵੰਤ ਸਿੰਘ ੫੦੦/-, ਸ੍ਰੀ.ਭਾਟੀਆ ਜੀ ੨੦੦/-, ਸ.ਮਲਕੀਤ ਸਿੰਘ ੨੦੦/-, ਸ.ਬਲਵੰਤ ਸਿੰਘ ੫੦੦/-, ਬੀਬੀ ਇਕਬਾਲ ਕੌਰ ੧੦੨/-, **ਗਿਆਨੀ ਮਨਜੀਤ ਸਿੰਘ ਰਾਹੀਂ** : ਸ.ਅਜੀਤ ਸਿੰਘ ੫੦/-, ਪ੍ਰਿੰਸ ਸਟੇਸ਼ਨਰੀ ੨੦/-, ਮਿਲਨ ਸ਼ੋਪ ੫੦/-, ਆਯੂਮੈਨ ਪਬਲਿਕ ਸਕੂਲ ੫੦/-, ਸ.ਗੁਰਦੀਪ ਸਿੰਘ ੫੦/-, ਸ.ਸੁਰਜੰਤ ਸਿੰਘ ੧੦੦/-, ਸ.ਸੁਰਿੰਦਰ ਸਿੰਘ ੧੦੦/-, ਸ.ਜਸਨਦੀਪ ਸਿੰਘ ੧੦੦/-, ਸ.ਤਰਲੋਚਨ ਸਿੰਘ ੨੦੦/-, ਸ.ਬਲਦੇਵ ਸਿੰਘ ੧੦੦/-, ਸ.ਨਛੱਤਰ ਸਿੰਘ ੫੦/-, ਬੀਬੀ ਰਤਨ ਕੌਰ ੫੦੦/-, ਗੁਪਤ ੨੦੦/-, ਬੀਬੀ ਬਲਦੇਵ ਕੌਰ ੨੦੦/-, ਸ.ਕੁਲਦੀਪ ਸਿੰਘ ੨੦/-, ਸ.ਜੋਗਿੰਦਰ ਸਿੰਘ ੫੦/-, ਸ.ਜਗਜੀਤ ਸਿੰਘ ੫੦/-, ਬੀਬੀ ਇੰਦਰਜੀਤ ਕੌਰ ੨੦੦/-, ਗੁਪਤ ੧੦੦੦/-, ਬੀਬੀ ਗਿਆਨ ਕੌਰ ੧੦੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਸੁਖਮਿੰਦਰ ਸਿੰਘ ੧੦੦/-, ਸ.ਜੋਗਿੰਦਰ ਸਿੰਘ ੧੦੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਬੀਬੀ ਤ੍ਰਿਪਤ ਕੌਰ ੩੦੦/-, ਬੀਬੀ ਕੈਲਾਸ਼ ਕੌਰ ੩੦੦/-, ਸ.ਕਰਮ ਸਿੰਘ ੫੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਰੁਪਿੰਦਰ ਸਿੰਘ ੫੦੦/-, ਸ.ਦਵਿੰਦਰ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਸ.ਗੁਰਮੁਖ ਸਿੰਘ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਜੀ.ਕੇ.ਸਟੇਸ਼ਨਰੀ ੨੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਅਕਾਲ ਓਪਟੀਕਲ ੧੦੦/-, ਲਵਲੀ ਇਲੈਕਟ੍ਰੀਕਲਸ ੨੦/-, ਡਾ.ਮਨਿੰਦਰ ਸਿੰਘ ੫੦੦/-, ਬੀਬੀ ਸੁਰਜੀਤ ਕੌਰ ੧੦੦/-, ਗੁਪਤ ੧੦੦+੧੦੦/-, ਨਾਰੰਗ ੨੦/-, ਸ.ਜਤਿੰਦਰ ਸਿੰਘ ੫੦੦/-, ਸ.ਬਲਪ੍ਰੀਤ ਸਿੰਘ ੨੦੦/-, ਸ.ਹਰਭਜਨ ਸਿੰਘ ੫੦੦/-, ਬੀਬੀ ਸੁਰਜੀਤ ਕੌਰ ੧੦੦/-, ਜੈਮ ਪਬਲਿਕ ਸਕੂਲ ੩੦੦/-, ਸ.ਦਾਰਾ ਸਿੰਘ ੫੦੦/-, ਬੀਬੀ ਜਸਨਦੀਪ ਕੌਰ ੧੦੦/-, ਬੀਬੀ ਦਲਜੀਤ ਕੌਰ ੩੦੦੦/-, ਚੋਹਾਨ ਜਿਊਲਰਜ਼ ੧੦੦/-, ਸ.ਹਰਭਜਨ ਸਿੰਘ ੨੦੦/-, ਸ.ਅਮਰਜੀਤ ਸਿੰਘ ੧੦੦/-, ਸ.ਰਜਵੰਤ ਸਿੰਘ ੨੦੦/-, ਸ.ਹਾਕਮ ਸਿੰਘ ੨੦੦/-, ਸ.ਤਾਰਾ ਸਿੰਘ ੧੦੦/-, ਬੀਬੀ ਦਲਜੀਤ ਕੌਰ ੨੦੦/-, ਸ.ਰਣਜੀਤ ਸਿੰਘ ੨੦੦/-, ਸ.ਹਰਕੀਰਤ ਸਿੰਘ ੧੦੦/-, ਸ.ਦਿਲਦਾਰ ਸਿੰਘ ੫੦/-, ਸ.ਜਗਜੀਤ ਸਿੰਘ ੧੦੦/-, ਸ.ਚਰਨਜੀਤ ਸਿੰਘ ੧੫੦/-, ਬੀਬੀ ਪਰਮਜੀਤ ਕੌਰ ੧੦੦/-, ਜੀ.ਐਸ.ਭੱਲਾ ੧੦੦੦/-, ਸ.ਜਾਗੀਰ ਸਿੰਘ ੧੦੦/-, ਸ.ਕਰਮ ਸਿੰਘ ੧੦੦/-, ਸ.ਚਰਨ ਸਿੰਘ ੨੦੦/-, ਸ.ਗੁਰਨਾਮ ਸਿੰਘ ੪੦/-, ਸ.ਮੋਹਨ ਸਿੰਘ ੫੦/-, ਬੀਬੀ ਹਰਸਿਮਰਨ ਕੌਰ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਬੀਬੀ ਕਰਮਜੀਤ ਕੌਰ ੧੦੦/-, ਸ.ਸਤਪਾਲ ਸਿੰਘ ੫੦੦/-, ਸ.ਅਮਰੀਕ ਸਿੰਘ ੫੦/-, ਗੁਪਤ ੧੦੦/-, ਸ.ਤਾਰੂ ਸਿੰਘ ੧੦੦/-, ਬੀਬੀ ਹਰਿੰਦਰ ਕੋਰ ੨੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਬਚਿੱਤਰ ਸਿੰਘ ੫੦੦/-, ਸ.ਪ੍ਰੇਮ ਸਿੰਘ ੨੦੦/-, ਸ.ਪ੍ਰੇਮੀ ਸਿੰਘ ੨੦੦/-, ਕਿਤਾਬ ੫੦/-, ਬਾਬਾ ਫਤਹਿ ਸਿੰਘ ੧੦੦/-, # ੧੬੦੮/੭=੫੦/-, ਸ.ਸੁਖਦੇਵ ਸਿੰਘ ੨੦/-, ਮਿ.ਪਾਹਵਾ ੧੦੦/-, ਸ.ਗੁਰਨਾਮ ਸਿੰਘ ੪੦/-, ਸ.ਮਹਿੰਦਰ ਸਿੰਘ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਹਰਿੰਦਰ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਰਵਿੰਦਰ ਸਿੰਘ ੧੦੦/-,ਸ.ਗੁਰਦੇਵ ਸਿੰਘ ੧੦੦/-, ਸਵ.ਸੁਰਜੀਤ ਸਿੰਘ ੨੦੦/-, ਗੁਪਤ ੧੦੦/-, ਸ.ਸੁਰਜੀਤ ਸਿੰਘ, ਸ.ਨਿਰਮਲ ਸਿੰਘ ੧੦੦੦/-, ਸ.ਸਵਰਨ ਸਿੰਘ ੫੦/-, ਸ.ਪ੍ਰਿਤਪਾਲ ਸਿੰਘ ੪੦/-, ਬੀਬੀ ਸੁਰਜੀਤ ਕੌਰ ੧੦੦/-, ਮੈਜਸਟਿਕ ਪ੍ਰਿੰਟਿੰਗ ਪ੍ਰੈਸ ੧੧੦੦/-, ਸ.ਹਰਿੰਦਰ ਸਿੰਘ ੧੦੦/-, ਸ.ਪ੍ਰਭਜੋਤ ਸਿੰਘ ੫੦/-, ਸ.ਲੈਮਨ ਸਿੰਘ ੨੦/-, ਸ.ਪ੍ਰਦੁਮਨ ਸਿੰਘ ੫੦/-, ਸ੍ਰੀ ਪ੍ਰੀਤਮ ਦਾਸ ੧੦੦/-, ਸ.ਹਰਵਿੰਦਰ ਸਿੰਘ ੧੦੦/-, ਸ.ਗੁਰਵਿੰਦਰ ਸਿੰਘ ੫੦੦/-, ਸ.ਚਰਨਜੀਤ ਸਿੰਘ ੧੦੦/-, ਸ.ਜਸਪਾਲ ਸਿੰਘ ੨੦੦/-, ਬੀਬੀ ਕੁਲਜੀਤ ਕੌਰ ੫੦/-, ਸ.ਮਸਤ ਸਿੰਘ ੧੦੦/-, ਸ.ਮਨਦੀਪ ਸਿੰਘ ੧੦੦/-, ਸ੍ਰੀ.ਕੇ.ਪੀ.ਐਸ. ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਅਵਤਾਰ ਸਿੰਘ ੧੦੦/-, ਸ.ਰਣਬੀਰ ਸਿੰਘ ੧੦੦/-, ਡਾ.ਅਤਰ ਸਿੰਘ ੧੦੦੦/-, ਗੁਪਤ ੧੦੦/-, ਸ.ਨਿਰਮਲ ਸਿੰਘ ੨੦੦/-, ਸ.ਦਾਵਿੰਦਰ ਸਿੰਘ ੨੦੦/-, ਬੀਬੀ ਬਲਵਿੰਦਰ ਕੌਰ ੧੦੦/-, ਸ.ਕੁਲਦੀਪ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਸ.ਰਤਨ ਸਿੰਘ ੫੦/-, ਸ.ਗੁਰਮੇਲ ਸਿੰਘ ੫੦/-, ਸ.ਗੁਰਕੀਰਤ ਸਿੰਘ ੧੦੦/-, ਸ.ਇੰਦਰਜੀਤ ਸਿੰਘ ੧੦੦/-, ਸ.ਰਣਧੀਰ ਸਿੰਘ ੧੦੦/-, ਗੁਪਤ ੧੦੦/-, ਸ.ਹਰਭਜਨ ਸਿੰਘ ੫੦/-, ਬੀਬੀ ਸੁਰਜੀਤ ਕੌਰ ੧੦੦/-, ਸ.ਗੁਰਬਚਨ ਸਿੰਘ ੨੦/-,

**ਖਬਰਾਵਲੀ : ਗੁਰਦੁਆਰਾ ਸ੍ਰੀ ਗੁਰੂ ਨਾਨਕ ਤਪੋ ਅਸਥਾਨ ਦੇ ਮਾਮਲੇ ਦੀ ਹੋਵੇ ਉੱਚ ਪੱਧਰੀ ਜਾਂਚ-ਮਹੰਤ ਕਰਮਜੀਤ ਸਿੰਘ :** ਚੰਡੀਗੜ੍ਹ, ੨੯ ਅਪ੍ਰੈਲ : ਅਰੁਣਾਚਲ ਪ੍ਰਦੇਸ਼ 'ਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਤਪੋ ਅਸਥਾਨ ਨੂੰ ਬੁੱਧ ਧਰਮ ਵਿੱਚ ਤਬਦੀਲ ਕਰਨ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਇਹ ਮੰਗ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਨੇ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਇਹ ਸਭ ਕੁਝ ਇੱਕ ਸਾਜ਼ਿਸ਼ ਤਹਿਤ ਹੋਇਆ ਹੈ।

**ਸ੍ਰੀ ਹਰਿਮੰਦਰ ਸਾਹਿਬ ਬਾਰੇ ਅੰਗ੍ਰੇਜੀ ਭਾਸ਼ਾ 'ਚ ਸੁੰਦਰ ਦਸਤਾਵੇਜ਼ੀ ਸਚਿੱਤਰ ਪੁਸਤਕ ਪ੍ਰਕਾਸ਼ਿਤ ਕੀਤੀ ਜਾਵੇਗੀ-ਧਾਮੀ :** ੨੯ ਅਪ੍ਰੈਲ : ਸਿੱਖ ਇਤਿਹਾਸ ਰੀਸਰਚ ਬੋਰਡ ਦੀ ਹੋਈ ਇਕੱਤਰਤਾ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਬਾਰੇ ਇਕ ਸੁੰਦਰ ਸਚਿੱਤਰ ਪੁਸਤਕ ਛਾਪਣ ਸਮੇਤ ਸ਼੍ਰੋਮਣੀ ਕਮੇਟੀ ਦਾ ੧੦੦ ਸਾਲਾ ਇਤਿਹਾਸ ਤੇ ਜੈਤੋ ਦੇ ਮੋਰਚੇ ਸੰਬੰਧੀ ਖੋਜ ਭਰਪੂਰ ਪੁਸਤਕਾਂ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ ਗਿਆ।

**ਇਟਲੀ ਦੀ ਆਜ਼ਾਦੀ 'ਚ ੮੫੦੦ ਸਿੱਖ ਫ਼ੌਜੀਆਂ ਨੇ ਦਿੱਤੀ ਸ਼ਹਾਦਤ-ਮੇਅਰ :** ਬਰੇਸ਼ੀਆ (ਇਟਲੀ), ੨੯ ਅਪ੍ਰੈਲ : ਇਟਲੀ ਦੇ ਸ਼ਹਿਰ ਲੁਸਾਰਾ (ਰੇਜੋਈਮੀਲੀਆ) ਵਿਖੇ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ), ਇਟਲੀ ਵਲੋਂ ਇਟਲੀ ਦਾ ਆਜ਼ਾਦੀ ਦਿਵਸ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਸਿੱਖਾਂ ਦਾ ਇਟਲੀ ਨੂੰ ਆਜ਼ਾਦੀ ਦਿਵਾਉਣ 'ਚ ਬਹੁਤ ਵੱਡਾ ਯੋਗਦਾਨ ਹੈ। ਪੂਰੀ ਇਟਲੀ 'ਚ ਆਜ਼ਾਦੀ ਦਿਵਾਉਣ ਲਈ ੮੫੦੦ ਸਿੱਖ ਫੌਜੀਆਂ ਨੇ ਸ਼ਹੀਦੀਆਂ ਦਿੱਤੀਆਂ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

## ਸੰਸਥਾ ਦੇ ਕਾਰਜਾਂ ਲਈ ਅਪ੍ਰੈਲ 2023 ਆਨਲਾਇਨ ਆਈ ਸਹਾਇਤਾ

ਆਨ ਲਾਇਨ : ਸ.ਕੁਲਵਿੰਦਰ ਸਿੰਘ ੫੦੧/-, ਸ.ਰਣਜੀਤ ਸਿੰਘ ੫੦੦/-, ਸ.ਸਰਨਜੀਤ ਸਿੰਘ ੧੬੦੦/-, ਸ.ਪਰਮਿੰਦਰ ਸਿੰਘ ੧੦੦੦/-, ਸ.ਰਜਿੰਦਰ ਸਿੰਘ ੧੦੦/-, ਸ.ਮਨਜੀਤ ਸਿੰਘ ੨੦੦/-, ਸ.ਮਲਕੀਅਤ ਸਿੰਘ ੫੦੦/-, ਸ.ਅਮਰਪਾਲ ਸਿੰਘ ੫੦੦/-, ਸ.ਲਾਜਵੰਤ ਸਿੰਘ ੨੦੦/-, ਸ.ਰਣਜੀਤ ਸਿੰਘ ੧੦੧/-, ਸ.ਜੁਗਰਾਜ ਸਿੰਘ ੫੦੦/-, ਮਿ.ਸੁਮੀਤ ੧੧/-, ਸ.ਗੁਰਿੰਦਰ ਸਿੰਘ ੫੦੦/-, ਗੁਪਤ ੧੦੦/-, ਸ.ਮਹਿੰਦਰ ਸਿੰਘ ੧੦੧/-, ਸ.ਭਾਗਵੰਤ ਸਿੰਘ ੨੨੦੦/-, ਸ.ਹੇਮੰਤ ਸਿੰਘ ੧੩੦੦/-, ਸ.ਰਤਨ ਸਿੰਘ ੫੦੦/-, ਸ੍ਰੀ.ਐਮ.ਐਸ.ਖੇਲ ੪੫੦/-, ਸ.ਤਲਵਿੰਦਰ ਸਿੰਘ ੫੦੦/-, ਗੁਪਤ ੬੦੦/-, ਗੁਪਤ ੫੦੦/-, ਸ.ਏਕਜੋਤ ਸਿੰਘ ੧੦੦੦/- ਜਿਲਾ ਅੰਮ੍ਰਿਤਸਰ : ਚੋਗਾਵਾਂ ਦੀ ਸੰਗਤ ਵਲੋਂ : ਫੌਜੀ ਹਾਰਡਵੇਅਰ ੧੦੦/-, ਸ.ਜੋਗਿੰਦਰਪਾਲ ਸਿੰਘ ੧੦੦/-, ਸ.ਬਲਬੀਰ ਸਿੰਘ ੫੦/-, ਸ੍ਰੀ.ਜਗਨ ਨਾਥ ੨੦/-, ਗੁਰਸ਼ਰਨ ਟੇਲਰਜ਼ ੨੦/-, ਭਾਟੀਆ ਗਾਰਮੈਂਟਸ ੨੦/-, ਖਾਲਸਾ ਜਨਰਲ ਸਟੋਰ ੨੦/-, ਸੁੱਖ ਇਲੈਕਟ੍ਰਨਿਕ ੧੦/-, ਸ.ਦਲਜੀਤ ਸਿੰਘ ੧੦/-, ਸ੍ਰੀ.ਸ਼ਾਮ ਲਾਲ ੧੦/-, ਮਿਸਤਰੀ ਜਸਬੀਰ ਸਿੰਘ ੧੦/-, ਪੁਸਤਕ ੮੦/-, ਜਿਲਾ ਮੋਹਾਲੀ : ਸ.ਸੁਰਿੰਦਰ ਸਿੰਘ ਜੀਰਕਪੁਰ ਰਾਹੀਂ : ਸ.ਹਰਜਿੰਦਰ ਸਿੰਘ ੧੦੦/-, ਸ.ਕੁਲਬੀਰ ਸਿੰਘ ੧੦੦/-, ਸ.ਸਤਪਾਲ ਸਿੰਘ ੧੦੦/-, ਸ.ਮਨਵੀਰ ਸਿੰਘ ੩੦/-, ਸ.ਜੋਗਿੰਦਰ ਸਿੰਘ ੧੦੦/-, ਖਾਲਸਾ ਇਲੈਕਟ੍ਰੋਨਿਕਸ ੫੦/-, ਸ.ਰਜਿੰਦਰ ਸਿੰਘ ੧੦੦/-, ਸ.ਗੁਰਦੇਵ ਸਿੰਘ ੫੦/-,

Date of Publication :1st & 2nd of every Month. Posted Through MB
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

## ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥

(ਅੰਗ-੧੧੦੮)

# ਮਹੀਨਾ ਹਾੜ੍ਹ

**ਆਸਾੜੁ ਭਲਾ ਸੂਰਜੁ ਗਗਨਿ ਤਪੈ ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥ ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥ ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥ ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥**

ਹਾੜ੍ਹ ਦਾ ਮਹੀਨਾ ਚੰਗਾ ਹੈ, ਆਕਾਸ਼ ਵਿੱਚ ਸੂਰਜ ਤਪਦਾ ਹੈ। ਸੂਰਜ ਦੇ ਤਪਨ ਨਾਲ ਧਰਤੀ ਦੁੱਖ ਸਹਿੰਦੀ ਹੈ। ਧਰਤੀ ਨੂੰ ਸੋਕਾ ਪੈ ਜਾਂਦਾ ਹੈ ਕਿਉਂਕਿ ਇਸ ਉੱਤੇ ਕਰੜੀ ਗਰਮੀ ਪੈਂਦੀ ਹੈ। ਅਗਨੀ ਭਖਦੀ ਹੈ।

ਸੂਰਜ ਦੀ ਗਰਮੀ ਧਰਤੀ ਦੇ ਰਸ ਨੂੰ ਸੋਖ ਦਿੰਦੀ ਹੈ, ਧੁੱਖ ਧੁੱਖ ਕੇ ਧਰਤੀ ਦੁੱਖ ਸਹਾਰਦੀ ਹੈ ਹਾਹਾਕਾਰ ਮਚਾਉਂਦੀ ਹੈ। ਪਰ ਸੂਰਜ ਫੇਰ ਵੀ ਅਪਣਾ ਕਰਤੱਵ ਨਹੀਂ ਛੱਡਦਾ।

ਸੂਰਜ ਰਥ ਧਰਤੀ ਦਾ ਚੱਕਰ ਮਾਰਦਾ ਹੀ ਰਹਿੰਦਾ ਹੈ। ਜੀਵ ਛਾਂ ਦਾ ਸਹਾਰਾ ਤੱਕਦੇ ਹਨ, ਇਸੇ ਤਰਾਂ ਬੀਂਡਾ ਜੰਗਲ ਵਿੱਚ ਟ੍ਰੀ.ਟ੍ਰੀ.ਕਰਦਾ ਹੈ।

ਜੀਵ-ਇਸਤਰੀ ਔਗੁਣਾਂ ਦੀ ਪੰਡ ਬੰਨ੍ਹ ਕੇ ਅੱਗੇ ਜਾਂਦੀ ਹੈ ਤਾਂ ਦੁੱਖ ਪਾਉਂਦੀ ਹੈ। ਸੁੱਖ ਤਾਂ ਤਦ ਮਿਲੇਗਾ ਜੇਕਰ ਉਹ ਅਪਣੇ ਸੱਚੇ ਪ੍ਰੀਤਮ ਨੂੰ ਯਾਦ ਕਰੇ।

ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜਿਸ ਜੀਵ ਇਸਤਰੀ ਦੇ ਮਨ ਵਿੱਚ ਆਪਣੀ ਯਾਦ ਦਿੱਤੀ ਹੈ, ਉਸ ਜੀਵ ਦੇ ਨਾਲ ਪ੍ਰਭੂ ਆਪ ਜੀਵਨ-ਮਰਨ ਦੇ ਸਮੇਂ ਹੁੰਦੇ ਹਨ।